
# ਭਲੋ ਅਮਰਦਾਸ ਗੁਣ ਤੇਰੇ



ਡਾ. ਸੰਦੀਪ ਸਿੰਘ

ਪਬਲੀਕੇਸ਼ਨ ਅਤੇ ਖੋਜ ਵਿਭਾਗ,
ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ, ਕੁਰੂਕਸ਼ੇਤਰ

# ਭਲੇ ਅਮਰਦਾਸ ਗੁਣ ਤੇਰੇ

**ਡਾ. ਸੰਦੀਪ ਸਿੰਘ**

**ਪਬਲੀਕੇਸ਼ਨ ਅਤੇ ਖੋਜ ਵਿਭਾਗ,**
**ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ,**
**ਕੁਰੂਕਸ਼ੇਤਰ**

©
**Haryana Sikh Gurdwara Management Committee,
Kurukshetra**

# BHALE AMARADAAS GUN TERE
## (Punjabi)
## A Book

**Writer:
Dr. Sandeep Singh
In-charge
Department of Publication & Research,
Haryana Sikh Gurdwara Management Committee,
Kurukshetra**

**Assistance & Design
Dr. Jagjit Singh**

**ISBN: 978-93-86039-39-2**

**First Edition : September 2024**

**Printer : Azad Soch**

**Published by Department of Publication & Research,
Haryana Sikh Gurdwara Management Committee,
Kurukshetra**



***

ਸ੍ਰੀ ਗੁਰੂ ਅਮਰਦਾਸ ਜੀ ਦੇ
450 ਸਾਲਾ ਜੋਤੀ-ਜੋਤਿ ਦਿਵਸ
ਨੂੰ ਸਮਰਪਿਤ

***

# ਮੁੱਖ ਬੰਧ



'ਸੇਵਾ ਦੇ ਪੁੰਜ' ਸ੍ਰੀ ਗੁਰੂ ਅਮਰਦਾਸ ਜੀ ਸਿੱਖਾਂ ਦੇ ਤੀਸਰੇ ਗੁਰੂ ਹੋਏ ਹਨ ਜਿਹਨਾਂ ਦੀ ਸੇਵਾ ਘਾਲਣਾ, ਜੀਵਨ ਦੇ ਪ੍ਰੇਰਨਾਦਾਇਕ ਪ੍ਰਸੰਗ ਅਤੇ ਉਹਨਾਂ ਦੁਆਰਾ ਰਚਿਤ ਗੁਰਬਾਣੀ ਸਮੁੱਚੀ ਮਾਨਵਤਾ ਲਈ ਚਾਨਣ ਮੁਨਾਰੇ ਦਾ ਕਾਰਜ ਕਰ ਰਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਭੱਟਾਂ ਦੇ ਸਵੱਈਆਂ ਅਤੇ ਰਾਮਕਲੀ ਕੀ ਵਾਰ ਆਦਿ ਰਚਨਾਵਾਂ ਵਿਚ ਸ੍ਰੀ ਗੁਰੂ ਅਮਰਦਾਸ ਜੀ ਦੇ ਅਧਿਆਤਮਿਕ ਗੁਣਾਂ ਦਾ ਚਿਤਰਣ ਹੋਇਆ ਹੈ। ਉਹਨਾਂ ਨੇ ਆਪਣੀ ਸਰੀਰਕ ਮੌਜੂਦਗੀ ਦੌਰਾਨ ਅਨੇਕਾਂ ਲੋਹੇ ਵਰਗੇ ਗੁਣਹੀਨ ਮਨੁੱਖਾਂ ਨੂੰ ਕੰਚਨ ਵਰਗੇ ਬਹੁ ਕੀਮਤੀ ਬਣਾਇਆ ਅਤੇ ਮਾਨਵਤਾ ਦਾ ਉਧਾਰ ਕੀਤਾ। ਮੌਜੂਦਾ ਸਮੇਂ ਸਮੁੱਚਾ ਸਿੱਖ ਪੰਥ, ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦਾ 450 ਸਾਲਾ ਜੋਤੀ-ਜੋਤਿ ਦਿਵਸ ਮਨਾ ਰਿਹਾ ਹੈ। ਇਸ ਇਤਿਹਾਸਕ ਮੌਕੇ 'ਤੇ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ 'ਪਬਲੀਕੇਸ਼ਨ ਅਤੇ ਖੋਜ ਵਿਭਾਗ' ਵੱਲੋਂ ਅਸੀਂ ਗੁਰੂ ਪਾਤਸ਼ਾਹ ਜੀ ਨੂੰ ਸਮਰਪਿਤ 'ਭਲੇ ਅਮਰਦਾਸ ਗੁਣ ਤੇਰੇ' ਨਾਮਕ ਪੁਸਤਕ ਸੰਗਤ ਨੂੰ ਭੇਟ ਕਰਦੇ ਹੋਏ ਖੁਸ਼ੀ ਮਹਿਸੂਸ ਕਰ ਰਹੇ ਹਾਂ। ਮੈਨੂੰ ਇਸ ਗੱਲ ਦੀ ਵੀ ਅਥਾਹ ਖੁਸ਼ੀ ਹੈ ਕਿ ਅਸੀਂ ਇਸ ਇਤਿਹਾਸਕ ਮੌਕੇ 'ਤੇ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੀ ਪਹਿਲੀ ਪ੍ਰਕਾਸ਼ਨਾ ਸਿੱਖ ਸੰਗਤ ਨੂੰ ਭੇਟਾ ਕਰ ਰਹੇ ਹਾਂ। 'ਪਬਲੀਕੇਸ਼ਨ ਅਤੇ ਖੋਜ ਵਿਭਾਗ' ਵੱਲੋਂ ਪੁਸਤਕ ਦੇ ਲਿਖਾਰੀ ਡਾ. ਸੰਦੀਪ ਸਿੰਘ ਗੁਰੂ ਪਾਤਸ਼ਾਹ ਦੀ ਇਸ ਬਖਸ਼ਿਸ਼ ਲਈ ਵਧਾਈ ਦੇ ਪਾਤਰ ਹਨ। ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਨੂੰ ਪ੍ਰਾਪਤ ਹੋਣ ਵਾਲੇ ਸਹਿਯੋਗ ਲਈ ਅਸੀਂ ਸਿੱਖ ਸੰਗਤ ਦੇ ਤਹਿ ਦਿਲੋਂ ਸ਼ੁਕਰਗੁਜਾਰ ਹਾਂ। ਉਮੀਦ ਹੈ ਕਿ ਭਵਿੱਖ ਵਿਚ ਵੀ ਸਿੱਖ ਸੰਗਤ ਦਾ ਸਹਿਯੋਗ ਇਸੇ ਤਰ੍ਹਾਂ ਪ੍ਰਾਪਤ ਹੁੰਦਾ ਰਹੇਗਾ। ਸ੍ਰੀ ਗੁਰੂ ਅਮਰਦਾਸ ਜੀ ਸਮੁੱਚੀ ਮਾਨਵਤਾ ਦੇ ਸਿਰ 'ਤੇ ਆਪਣਾ ਮਿਹਰਾਂ ਭਰਿਆ ਹੱਥ ਬਣਾਈ ਰੱਖਣ।

ਗੁਰੂ ਪੰਥ ਦਾ ਦਾਸ

ਜਥੇਦਾਰ ਭੁਪਿੰਦਰ ਸਿੰਘ ਅਸੰਧ
ਪ੍ਰਧਾਨ,
ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ,
ਕੁਰੂਕਸ਼ੇਤਰ (ਹਰਿਆਣਾ)।

## ਸੰਦੇਸ਼



ਅਕਾਲ ਪੁਰਖ ਦੇ ਸਾਕਾਰ ਰੂਪ, ਸ੍ਰੀ ਗੁਰੂ ਅਮਰਦਾਸ ਜੀ ਦੈਵੀ ਬਖਸ਼ਿਸ਼ਾਂ ਅਤੇ ਅਧਿਆਤਮਿਕ ਗੁਣਾਂ ਦੇ ਅਥਾਹ-ਅਮੁੱਕ ਖਜਾਨੇ ਹਨ। ਸਿੱਖ ਧਰਮ ਦੇ ਚਹੁੰਮੁਖੀ ਵਿਕਾਸ ਲਈ ਉਹਨਾਂ ਦੁਆਰਾ ਕੀਤੇ ਗਏ ਵਡਮੁੱਲੇ ਕਾਰਜ ਇਤਿਹਾਸ ਦਾ ਇਕ ਅਹਿਮ ਅਧਿਆਇ ਹਨ। ਸ੍ਰੀ ਗੁਰੂ ਅਮਰਦਾਸ ਜੀ ਨੇ ਜਿੱਥੇ ਮਾਨਵਤਾ ਨੂੰ ਅਧਿਆਤਮਿਕ ਮਾਰਗ 'ਤੇ ਚਲਣ ਲਈ ਉਪਦੇਸ਼ ਦ੍ਰਿੜ੍ਹ ਕਰਵਾਏ ਉੱਥੇ ਔਰਤਾਂ ਦੇ ਸਮਾਜਿਕ ਪੱਧਰ ਨੂੰ ਉੱਚਾ ਚੁੱਕਣ ਲਈ ਵੀ ਅਨੇਕਾਂ ਸ਼ਲਾਘਾਯੋਗ ਉਪਰਾਲੇ ਕੀਤੇ। ਗੋਇੰਦਵਾਲ ਸਾਹਿਬ ਦੀ ਸਥਾਪਨਾ, ਮੰਜੀ ਸੰਸਥਾ ਦਾ ਆਗਾਜ਼, ਅਨੰਦ ਸਾਹਿਬ ਬਾਣੀ ਸਮੇਤ ਗੁਰਬਾਣੀ ਦੇ ਅਨੇਕਾਂ ਸ਼ਬਦਾਂ ਦੀ ਰਚਨਾ ਆਦਿ, ਗੁਰੂ ਸਾਹਿਬ ਦੁਆਰਾ ਕੀਤੇ ਗਏ ਅਜਿਹੇ ਕਾਰਜ ਹਨ ਜੋ ਸਿੱਖ ਧਰਮ ਦਾ ਸ਼ਾਨਦਾਰ ਅੰਗ ਹਨ।

ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਸਿੱਖ ਧਰਮ ਦੇ ਵਿਕਾਸ ਲਈ ਨਿਰੰਤਰ ਯਤਨਸ਼ੀਲ ਅਤੇ ਹਮੇਸ਼ਾ ਬਚਨਬੱਧ ਹੈ। ਸ੍ਰੀ ਗੁਰੂ ਅਮਰਦਾਸ ਜੀ ਦੇ 450 ਸਾਲਾ ਜੋਤੀ-ਜੋਤਿ ਦਿਵਸ ’ਤੇ ‘ਭਲੇ ਅਮਰਦਾਸ ਗੁਣ ਤੇਰੇ’ ਨਾਮਕ ਪੁਸਤਕ ਰਾਹੀਂ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਵੱਲੋਂ ਉਹਨਾਂ ਨੂੰ ਨਤਮਸਤਕ ਹੋਣ ਦੀ ਇਕ ਛੋਟੀ ਜਿਹੀ ਕੋਸ਼ਿਸ਼ ਹੈ। ਸ੍ਰੀ ਗੁਰੂ ਅਮਰਦਾਸ ਜੀ ਦੀ ਅਪਾਰ ਬਖਸਿਸ਼ ਰਾਹੀਂ, ਗੁਰੂ ਰੂਪ ਸਾਧ ਸੰਗਤ ਦੇ ਸਹਿਯੋਗ ਨਾਲ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਵੱਲੋਂ ਪ੍ਰਕਾਸ਼ਿਤ ਹੋਣ ਵਾਲੀ ਇਹ ਪਹਿਲੀ ਪੁਸਤਕ ਹੈ ਜਿਸ ਨੂੰ ਸ੍ਰੀ ਗੁਰੂ ਅਮਰਦਾਸ ਜੀ ਦੀ ਉਪਮਾ ਅਤੇ ਜੀਵਨ ਦੇ ਪ੍ਰੇਰਨਾਦਾਇਕ ਪ੍ਰਸੰਗਾਂ ਨਾਲ ਸ਼ਿੰਗਾਰਿਆ ਗਿਆ ਹੈ। ਇਹ ਪੁਸਤਕ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ‘ਪਬਲੀਕੇਸ਼ਨ ਅਤੇ ਖੋਜ ਵਿਭਾਗ’ ਦੀ ਇਕ ਅਹਿਮ ਪ੍ਰਾਪਤੀ ਹੈ ਜਿਸ ਨੂੰ ਡਾ. ਸੰਦੀਪ ਸਿੰਘ ਨੇ ਗੁਰੂ ਬਖਸਿਸ਼ ਰਾਹੀਂ ਲਿਖਤੀ ਰੂਪ ਪ੍ਰਦਾਨ ਕੀਤਾ ਹੈ। ਸ੍ਰੀ ਗੁਰੂ ਅਮਰਦਾਸ ਜੀ ਦੇ 450 ਸਾਲਾ ਜੋਤੀ-ਜੋਤਿ ਦਿਵਸ ’ਤੇ ਅਸੀਂ ਉਨ੍ਹਾਂ ਨੂੰ ਬਾਰੰ ਬਾਰ ਪ੍ਰਣਾਮ ਕਰਦੇ ਹਾਂ। ਗੁਰੂ ਸਾਹਿਬ ਦੇ ਚਰਨਾਂ ਵਿਚ ਮੇਰੀ ਅਰਦਾਸ ਹੈ ਕਿ ਉਹ ਹਰ ਇਕ ਪ੍ਰਾਣੀ ਮਾਤਰ ’ਤੇ ਸਦੀਵ ਕਾਲ ਲਈ ਆਪਣੀ ਕਿਰਪਾ ਦ੍ਰਿਸ਼ਟੀ ਦੀ ਬਖਸਿਸ਼ ਕਰਦੇ ਰਹਿਣ।

ਸੁਦਰਸ਼ਨ ਸਿੰਘ ਸਹਿਗਲ
ਸੀਨੀਅਰ ਮੀਤ ਪ੍ਰਧਾਨ,
ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ,
ਕੁਰੂਕਸ਼ੇਤਰ (ਹਰਿਆਣਾ)।

# ਸੰਦੇਸ਼



ਨਿਮਰਤਾ ਦੇ ਮੁਜੱਸਮੇ ਅਤੇ ਸੇਵਾ ਦੀ ਸਾਕਾਰ ਮੂਰਤ ਸ੍ਰੀ ਗੁਰੂ ਅਮਰਦਾਸ ਜੀ, ਸੰਸਾਰ ਦੇ ਧਾਰਮਿਕ ਰਹਿਬਰਾਂ ਵਿਚ ਵਿਸ਼ੇਸ਼ ਸਥਾਨ ਰੱਖਦੇ ਹਨ। ਉਹਨਾਂ ਨੇ ਨਿਮਰਤਾ ਅਤੇ ਸੇਵਾ ਵਰਗੇ ਦੈਵੀ ਗੁਣਾਂ ਨੂੰ ਸਿਰਫ ਕਥਨੀ ਤੱਕ ਹੀ ਸੀਮਤ ਨਹੀਂ ਕੀਤਾ ਸਗੋਂ ਇਹਨਾਂ ਨੂੰ ਕਰਨੀ ਰੂਪ ਵਿਚ ਵੀ ਨਿਭਾ ਕੇ ਸਿੱਖ ਪੰਥ ਦੇ ਸਨਮੁਖ ਇਕ ਉੱਚ ਆਦਰਸ਼ ਪੇਸ਼ ਕੀਤਾ। ਸੇਵਾ ਕਰਦੇ ਹੋਏ ਉਹਨਾਂ ਨੇ ਲੋਕਾਂ ਦੇ ਬੋਲ-ਕਬੋਲ ਸਹਿਣ ਕਰਕੇ ਧੀਰਜ ਅਤੇ ਸਹਿਣਸ਼ੀਲਤਾ ਦੀ ਇਕ ਨਾਯਾਬ ਮਿਸਾਲ ਕਾਇਮ ਕੀਤੀ। ਸ੍ਰੀ ਗੁਰੂ ਅਮਰਦਾਸ ਜੀ ਦਾ ਜੀਵਨ ਬ੍ਰਿਤਾਂਤ, ਹਨੇਰੇ ਵਿਚ ਭਟਕਦੀ ਲੋਕਾਈ ਲਈ ਇਕ ਚਾਨਣ ਮੁਨਾਰੇ ਦਾ ਕਾਰਜ ਕਰਦਾ ਹੈ। ਉਹਨਾਂ ਦੀ ਪਵਿੱਤਰ ਰਸਨਾ ਵਿੱਚੋਂ ਪ੍ਰਗਟ ਹੋਣ ਵਾਲੇ ਦੈਵੀ ਬੋਲ, ਗੁਰਬਾਣੀ ਦੇ ਰੂਪ ਵਿਚ ਮਾਨਵਤਾ ਦਾ ਮਾਰਗ ਦਰਸ਼ਨ ਕਰ ਰਹੇ ਹਨ। ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਵੱਲੋਂ ਸ੍ਰੀ ਗੁਰੂ ਅਮਰਦਾਸ ਜੀ ਦੇ 450 ਸਾਲਾ ਜੋਤੀ-ਜੋਤਿ ਦਿਵਸ ’ਤੇ ਉਹਨਾਂ ਨੂੰ ਅਕੀਦਤ ਦੇ ਫੁੱਲ ਭੇਟ ਕਰਦੇ ਹੋਏ ‘ਭਲੇ ਅਮਰਦਾਸ ਗੁਣ ਤੇਰੇ’ ਪੁਸਤਕ ਪ੍ਰਕਾਸ਼ਿਤ ਕੀਤੀ ਜਾ ਰਹੀ ਹੈ। ਇਹ ਪੁਸਤਕ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ‘ਪਬਲੀਕੇਸ਼ਨ ਅਤੇ ਖੋਜ ਵਿਭਾਗ’ ਦਾ ਇਕ ਸ਼ਲਾਘਾਯੋਗ ਉਪਰਾਲਾ ਹੈ ਜਿਸ ਦੇ ਲਿਖਾਰੀ ਡਾ. ਸੰਦੀਪ ਸਿੰਘ ਨੇ ਗੁਰੂ ਬਖਸ਼ਿਸ਼ ਰਾਹੀਂ ਇਸ ਕਾਰਜ ਨੂੰ ਪੂਰਾ ਕੀਤਾ ਹੈ। ਸ੍ਰੀ ਗੁਰੂ ਅਮਰਦਾਸ ਜੀ ਦੇ ਪਾਵਨ ਚਰਨਾਂ ਵਿਚ ਅਰਦਾਸ ਹੈ ਕਿ ਉਹ ਸਮੁੱਚੀ ਲੋਕਾਈ ਉੱਪਰ ਆਪਣੀ ਮਿਹਰਾਮਤਿ ਕਰਨ। ਗੁਰੂ ਪਾਤਸ਼ਾਹ ਦੇ 450 ਸਾਲਾ ਜੋਤੀ-ਜੋਤਿ ਦਿਵਸ ’ਤੇ ਅਸੀਂ ਉਹਨਾਂ ਨੂੰ ਸਿਜਦਾ ਕਰਦੇ ਹੋਏ ਆਪਣੇ ਆਪ ਨੂੰ ਵਡਭਾਗੇ ਮਹਿਸੂਸ ਕਰ ਰਹੇ ਹਾਂ।


ਬੀਬੀ ਰਵਿੰਦਰ ਕੌਰ ਅਜਰਾਣਾ
ਜੂਨੀਅਰ ਮੀਤ ਪ੍ਰਧਾਨ, ਹਰਿ. ਸਿੱਖ ਗੁਰਦੁਆਰਾ ਮੈਨੇ. ਕਮੇਟੀ
ਚੇਅਰਪਰਸਨ, ਪਬਲੀਕੇਸ਼ਨ ਅਤੇ ਆਈ. ਟੀ. ਵਿਭਾਗ,
ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ
ਕੁਰੂਕਸ਼ੇਤਰ (ਹਰਿਆਣਾ)।

# ਸੰਦੇਸ਼

ਅਗਮ ਅਲਖ ਕਾਰਣ ਪੁਰਖ ਜੋ ਫੁਰਮਾਵਹਿ ਸੋ ਕਹਉ ॥
ਗੁਰ ਅਮਰਦਾਸ ਕਾਰਣ ਕਰਣ ਜਿਵ ਤੂ ਰਖਹਿ ਤਿਵ ਰਹਉ ॥



ਬਖਸ਼ਿਸ਼ਾਂ ਦੇ ਦਾਤੇ, ਸੇਵਾ ਦੇ ਪੁੰਜ, ਨਿਮਰਤਾ ਦੀ ਮੂਰਤ ਅਤੇ ਨਿਮਾਣਿਆਂ ਦੇ ਮਾਣ, ਦੀਨ ਦਇਆਲ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ, ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਆਰੰਭ ਕੀਤੇ ਸਿੱਖੀ ਮਾਰਗ ਦੇ ਤੀਸਰੇ ਗੁਰਿਆਈ ਨਸ਼ੀਨ ਪਾਤਸ਼ਾਹ ਹੋਏ ਹਨ ਜਿਹਨਾਂ ਦੀ ਮਹਿਮਾ ਬੇਅੰਤ ਅਤੇ ਅਕੱਥ ਹੈ। ਮਿਹਰਾਂ ਦੇ ਦਾਤੇ ਗੁਰੂ ਪਾਤਸ਼ਾਹ ਨੇ ਇਕ ਸਿੱਖ ਦੇ ਸਨਮੁਖ ਸੇਵਾ ਅਤੇ ਨਿਮਰਤਾ ਦੀ ਉੱਚ ਮਿਸਾਲ ਕਾਇਮ ਕੀਤੀ ਹੈ ਜਿਸ ਤੋਂ ਸਿੱਖ ਪੰਥ ਨਿਰੰਤਰ ਸੇਧ ਪ੍ਰਾਪਤ ਕਰ ਰਿਹਾ ਹੈ।

ਸਿੱਖ ਪੰਥ ਦੁਆਰਾ ਸ੍ਰੀ ਗੁਰੂ ਅਮਰਦਾਸ ਜੀ ਦੇ ਮਨਾਏ ਜਾ ਰਹੇ 450 ਸਾਲਾ ਜੋਤੀ-ਜੋਤਿ ਦਿਵਸ ਦੇ ਇਤਿਹਾਸਕ ਅਵਸਰ 'ਤੇ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਉਹਨਾਂ ਦੇ ਚਰਨਾਂ ਵਿੱਚ ਡੰਡਉਤ ਕਰਦੇ ਹੋਏ 'ਭਲੇ ਅਮਰਦਾਸ ਗੁਣ ਤੇਰੇ ਨਾਮਕ' ਪੁਸਤਕ ਪ੍ਰਕਾਸ਼ਿਤ ਕਰਨ ਦੀ ਖੁਸ਼ੀ ਪ੍ਰਾਪਤ ਕਰ ਰਹੀ ਹੈ। ਸ੍ਰੀ ਗੁਰੂ ਅਮਰਦਾਸ ਜੀ ਦੀ ਮਹਿਮਾ ਨੂੰ ਬਿਆਨ ਕਰਨ ਸੰਬੰਧੀ ਪੁਸਤਕ ਦੇ ਲਿਖਾਰੀ ਡਾ. ਸੰਦੀਪ ਸਿੰਘ ਦੀ ਇਹ ਸ਼ਲਾਘਾਯੋਗ ਕੋਸ਼ਿਸ਼ ਹੈ। ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੀ ਪਹਿਲੀ ਪ੍ਰਕਾਸ਼ਨਾ ਲਈ 'ਪਬਲੀਕੇਸ਼ਨ ਅਤੇ ਖੋਜ ਵਿਭਾਗ' ਇਸ ਉੱਦਮ ਲਈ ਵਧਾਈ ਦਾ ਪਾਤਰ ਹੈ। ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਜੋਦੜੀ ਹੈ ਕਿ ਉਹ ਸਭਨਾਂ ਜੀਆਂ ਨੂੰ ਨਾਮ ਮਾਰਗ ਦੀ ਸੂਝ ਬਖਸ਼ਿਸ਼ ਕਰਨ ਅਤੇ ਆਪਣੀ ਮਿਹਰਾਮਤਿ ਨਾਲ ਨਿਵਾਜ਼ਦੇ ਰਹਿਣ।

ਜਥੇਦਾਰ ਬਲਜੀਤ ਸਿੰਘ ਦਾਦੂਵਾਲ
ਚੇਅਰਮੈਨ, ਧਰਮ ਪ੍ਰਚਾਰ,
ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ,
ਕੁਰੂਕਸ਼ੇਤਰ (ਹਰਿਆਣਾ)।

# ਸੰਦੇਸ਼



ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਆਰੰਭ ਕੀਤੇ ਸਿੱਖੀ ਦੇ ਮਾਰਗ ਨੂੰ ਨਿਰੰਤਰਤਾ ਪ੍ਰਦਾਨ ਕਰਨ ਵਾਲੇ, ਸ੍ਰੀ ਗੁਰੂ ਅਮਰਦਾਸ ਜੀ ਦੈਵੀ ਗੁਣਾਂ ਨਾਲ ਭਰਪੂਰ, 'ਨਿਰੰਕਾਰ ਦਾ ਸਾਕਾਰ ਰੂਪ' ਹੋਏ ਹਨ। ਉਹਨਾਂ ਨੇ ਸਿੱਖ ਧਰਮ ਦੇ ਵਿਕਾਸ-ਵਿਗਾਸ ਲਈ ਅਨੇਕਾਂ ਅਹਿਮ ਕਾਰਜ ਕੀਤੇ ਅਤੇ ਅਣਗਿਣਤ ਮਨੁੱਖਾਂ ਨੂੰ ਸੱਚ ਦੇ ਮਾਰਗ ਨਾਲ ਜੋੜਿਆ। ਆਪਣੀ ਵਡੇਰੀ ਸਰੀਰਕ ਅਵਸਥਾ ਦੇ ਬਾਵਜੂਦ ਵੀ ਉਹਨਾਂ ਨੇ ਜਿਸ ਲਾਸਾਨੀ ਢੰਗ ਰਾਹੀਂ ਸਿੱਖ ਧਰਮ ਦੀ ਅਗਵਾਈ ਕੀਤੀ, ਉਹ ਆਪਣੇ ਆਪ ਵਿਚ ਬੇਮਿਸਾਲ ਹੈ। ਉਹਨਾਂ ਦੇ ਪਾਏ ਹੋਏ ਪੂਰਨਿਆਂ 'ਤੇ ਚੱਲ ਕੇ ਅਣਗਿਣਤ ਪ੍ਰਾਣੀ ਇਲਾਹੀ ਨਦਰਿ ਦੇ ਪਾਤਰ ਬਣ ਰਹੇ ਹਨ।

ਸ੍ਰੀ ਗੁਰੂ ਅਮਰਦਾਸ ਜੀ ਦੇ 450 ਸਾਲਾ ਜੋਤੀ-ਜੋਤਿ ਦਿਵਸ 'ਤੇ ਉਹਨਾਂ ਨੂੰ ਡੰਡਉਤ ਕਰਦੇ ਹੋਏ ਕਰਦੇ ਹੋਏ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਵੱਲੋਂ 'ਭਲੇ ਅਮਰਦਾਸ ਗੁਣ ਤੇਰੇ' ਨਾਮਕ ਪੁਸਤਕ ਪ੍ਰਕਾਸ਼ਿਤ ਕੀਤੀ ਜਾ ਰਹੀ ਹੈ। ਪੁਸਤਕ ਦੇ ਲਿਖਾਰੀ ਡਾ. ਸੰਦੀਪ ਸਿੰਘ ਅਤੇ ਪੁਸਤਕ ਪ੍ਰਕਾਸ਼ਿਤ ਕਰਨ ਵਾਲੇ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ 'ਪਬਲੀਕੇਸ਼ਨ ਅਤੇ ਖੋਜ ਵਿਭਾਗ' ਉੱਪਰ ਸ੍ਰੀ ਗੁਰੂ ਅਮਰਦਾਸ ਜੀ ਦੀ ਅਪਾਰ ਕਿਰਪਾ ਹੈ ਜਿਸ ਸਦਕਾ ਇਹ ਪੁਸਤਕ ਸਿੱਖ ਸੰਗਤ ਦੀ ਭੇਟਾ ਕੀਤੀ ਜਾ ਰਹੀ ਹੈ। ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਹੈ ਕਿ ਉਹ ਸਮੁੱਚੇ ਸਿੱਖ ਪੰਥ ਅਤੇ ਸਮੁੱਚੀ ਮਾਨਵਤਾ ਨੂੰ ਆਪਣੀ ਪ੍ਰੇਮਾ ਭਗਤੀ ਅਤੇ ਨਾਮ ਦੀ ਦਾਤ ਬਖਸ਼ਿਸ਼ ਕਰਨ।

ਸੁਖਵਿੰਦਰ ਸਿੰਘ ਮੰਡੇਬਰ
ਜਨਰਲ ਸਕੱਤਰ,
ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ,
ਕੁਰੂਕਸ਼ੇਤਰ (ਹਰਿਆਣਾ)।

# ਸੰਦੇਸ਼



'ਅਗਾਧ ਬੋਧ ਮਹਿਮਾ' ਅਤੇ 'ਅਕਥ ਕਥਾ' ਦੇ ਮਾਲਕ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਸਿੱਖ ਧਰਮ ਅਤੇ ਮਾਨਵਤਾ ਦੇ ਪਰਉਪਕਾਰ ਲਈ ਪ੍ਰਗਟ ਹੋਣ ਵਾਲੇ ਅਕਾਲ ਪੁਰਖ ਦਾ ਪ੍ਰਤੱਖ ਰੂਪ ਹਨ। ਉਹਨਾਂ ਨੇ ਜਿੱਥੇ ਸਿੱਖ ਧਰਮ ਦੇ ਚਹੁੰਮੁਖੀ ਵਿਕਾਸ ਲਈ ਅਨੇਕਾਂ ਇਤਿਹਾਸਕ ਕਾਰਜ ਕੀਤੇ, ਉਥੇ ਸਮਾਜ ਵਿਚ ਔਰਤਾਂ ਦੇ ਸਥਾਨ ਨੂੰ ਉੱਚਾ ਚੁੱਕਣ ਅਤੇ ਸਮਾਜਿਕ ਬੁਰਾਈਆਂ ਨੂੰ ਦੂਰ ਕਰਨ ਲਈ ਵੀ ਆਪਣਾ ਅਹਿਮ ਯੋਗਦਾਨ ਪਾਇਆ। ਉਹ ਕੇਵਲ ਸਿੱਖ ਧਰਮ ਦੇ ਨਹੀਂ, ਸਗੋਂ ਸਮੁੱਚੀ ਮਾਨਵਤਾ ਦੇ ਮਾਰਗ ਦਰਸ਼ਕ ਹਨ।

ਸ੍ਰੀ ਗੁਰੂ ਅਮਰਦਾਸ ਜੀ ਦੇ 450 ਸਾਲਾ ਜੋਤੀ-ਜੋਤਿ ਦਿਵਸ 'ਤੇ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਵੱਲੋਂ ਪ੍ਰਕਾਸ਼ਿਤ ਕੀਤੀ ਜਾ ਰਹੀ 'ਭਲੇ ਅਮਰਦਾਸ ਗੁਣ ਤੇਰੇ' ਪੁਸਤਕ ਇਕ ਸ਼ਲਾਘਾਯੋਗ ਉਪਰਾਲਾ ਹੈ। ਇਹ ਖੁਸ਼ੀ ਦੀ ਗੱਲ ਹੈ ਕਿ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ 'ਪਬਲੀਕੇਸ਼ਨ ਅਤੇ ਖੋਜ ਵਿਭਾਗ' ਵੱਲੋਂ ਡਾ. ਸੰਦੀਪ ਸਿੰਘ ਦੁਆਰਾ ਕੀਤਾ ਗਿਆ ਇਹ ਕਾਰਜ ਦ੍ਰਿੜ੍ਹ ਮਿਹਨਤ ਅਤੇ ਗੁਰੂ ਕਿਰਪਾ ਸਦਕਾ ਪੂਰਾ ਹੋਇਆ ਹੈ। ਗੁਰੂ ਪਾਤਸ਼ਾਹ ਸਮੁੱਚੇ ਪੰਥ ਅਤੇ ਮਾਨਵਤਾ 'ਤੇ ਆਪਣਾ ਮਿਹਰ ਭਰਿਆ ਹੱਥ ਬਣਾਈ ਰੱਖਣ।

ਗੁਲਾਬ ਸਿੰਘ ਮੂਨਕ<br>
ਸੰਯੁਕਤ ਸਕੱਤਰ,<br>
ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ,<br>
ਕੁਰੂਕਸ਼ੇਤਰ (ਹਰਿਆਣਾ)

## ਸੰਦੇਸ਼



ਤੀਸਰੇ ਪਾਤਸ਼ਾਹ, ਸ੍ਰੀ ਗੁਰੂ ਅਮਰਦਾਸ ਜੀ ਰੂਹਾਨੀਅਤ ਦੇ ਖਜ਼ਾਨੇ ਨਾਲ ਭਰਪੂਰ ਅਧਿਆਤਮਕ ਸ਼ਖ਼ਸੀਅਤ ਹੋਏ ਹਨ ਜਿਹਨਾਂ ਦੀ 'ਅਕਥ ਕਥਾ' ਅਤੇ ਗੁਰਬਾਣੀ, ਮਾਨਵ ਜਗਤ ਦਾ ਨਿਰੰਤਰ ਮਾਰਗ ਦਰਸ਼ਨ ਕਰ ਰਹੀ ਹੈ। ਉਹ 'ਟਹਿਲ ਤੋਂ ਮਹਿਲ' ਵਾਲੀ ਅਵਸਥਾ ਦੀ ਆਦਰਸ਼ਕ ਮਿਸਾਲ ਹਨ। ਇਕ ਸਮਰਪਿਤ ਸਿੱਖ ਵਜੋਂ ਉਹਨਾਂ ਨੇ ਸਿੱਖੀ ਨੂੰ ਆਪਣੇ ਜੀਵਨ ਵਿੱਚ ਵੀ ਕਮਾਇਆ ਅਤੇ ਗੁਰੂ ਪਦ 'ਤੇ ਸੁਸ਼ੋਭਿਤ ਹੋ ਕੇ ਸਿੱਖਾਂ ਨੂੰ ਇਹ ਮਾਰਗ ਭਲੀ-ਭਾਂਤ ਦ੍ਰਿੜ੍ਹ ਵੀ ਕਰਵਾਇਆ। ਸ੍ਰੀ ਗੁਰੂ ਅਮਰਦਾਸ ਜੀ ਦੀ ਉਪਮਾ ਬਿਆਨ ਕਰਦੇ ਹੋਏ ਭੱਟ ਭੱਲ੍ਹ ਜੀ ਨੇ ਕਿਹਾ ਹੈ ਕਿ ਗੁਰੂ ਸਾਹਿਬ ਦੇ ਗੁਣਾਂ ਦਾ ਵਰਣਨ ਕਰਨਾ ਸੰਭਵ ਨਹੀਂ ਕਿਉਂਕਿ ਉਹਨਾਂ ਵਰਗੇ ਉਹ ਆਪ ਹੀ ਹਨ। ਸ੍ਰੀ ਗੁਰੂ ਅਮਰਦਾਸ ਜੀ ਉਪਮਾ ਬਾਰੇ ਬਿਆਨ ਕਰਦੇ ਹੋਏ ਭੱਟ ਭੱਲ੍ਹ ਜੀ ਲਿਖਦੇ ਹਨ-

ਘਨਹਰ ਬੂੰਦ ਬਸੁਅ ਰੋਮਾਵਲਿ ਕੁਸਮ ਬਸੰਤ ਗਨੰਤ ਨ ਆਵੈ ॥
ਰਵਿ ਸਸਿ ਕਿਰਣਿ ਉਦਰੁ ਸਾਗਰ ਕੋ ਗੰਗ ਤਰੰਗ ਅੰਤੁ ਕੋ ਪਾਵੈ ॥
ਰੁਦ੍ਰ ਧਿਆਨ ਗਿਆਨ ਸਤਿਗੁਰ ਕੇ ਕਬਿ ਜਨ ਭਲ੍ਯ੍ਯ ਉਨਹ ਜੋੁ ਗਾਵੈ ॥
ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ ॥੧॥੨੨॥

ਅਜਿਹੇ 'ਗੁਣੀ ਨਿਧਾਨ' ਸਤਿਗੁਰੂ ਜੀ ਦਾ ਸਮੁੱਚਾ ਸਿੱਖ ਜਗਤ 450 ਸਾਲਾ ਜੋਤੀ-ਜੋਤਿ ਦਿਵਸ ਮਨਾ ਰਿਹਾ ਹੈ। ਇਸ ਇਤਿਹਾਸਕ ਮੌਕੇ 'ਤੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਪਣੀ ਪਹਿਲੀ ਪੁਸਤਕ 'ਭਲੇ ਅਮਰਦਾਸ ਗੁਣ ਤੇਰੇ' ਪ੍ਰਕਾਸ਼ਿਤ ਕਰਕੇ ਗੁਰੂ ਪਾਤਸ਼ਾਹ ਦੀ ਵਡਿਆਈ ਵਿਚ ਨਿਮਾਣਾ ਜਿਹਾ ਯੋਗਦਾਨ ਪਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। 'ਪਬਲੀਕੇਸ਼ਨ ਅਤੇ ਖੋਜ ਵਿਭਾਗ' ਵੱਲੋਂ ਪੁਸਤਕ ਦੇ ਲਿਖਾਰੀ ਡਾ. ਸੰਦੀਪ ਸਿੰਘ ਦਾ ਇਹ ਸ਼ਲਾਘਾਯੋਗ ਉਪਰਾਲਾ ਹੈ। ਸਾਡੀ ਗੁਰੂ ਪਾਤਸ਼ਾਹ ਦੇ ਚਰਨਾਂ ਵਿੱਚ ਅਰਦਾਸ ਹੈ ਕਿ ਉਹ ਸਮੁੱਚੀ ਮਾਨਵਤਾ ਉੱਪਰ ਆਪਣੀ ਕਿਰਪਾ ਦ੍ਰਿਸ਼ਟੀ ਬਣਾਈ ਰੱਖਣ।

ਜਸਵਿੰਦਰ ਸਿੰਘ ਦੀਨਪੁਰ
ਮੁੱਖ ਸਕੱਤਰ,
ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ,
ਕੁਰੂਕਸ਼ੇਤਰ (ਹਰਿਆਣਾ)।

# ਭੂਮਿਕਾ

'ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ' ਦੇ ਸਾਕਾਰ ਰੂਪ ਸ੍ਰੀ ਗੁਰੂ ਅਮਰਦਾਸ ਜੀ, ਪਹਿਲੇ ਪਾਤਸ਼ਾਹ ਦੁਆਰਾ ਚਲਾਏ ਗਏ 'ਗੁਰਮੁਖਿ ਗਾਡੀ ਰਾਹ' ਦੇ ਤੀਸਰੇ ਰਹਿਨੁਮਾ ਹੋਏ ਹਨ ਜਿਹਨਾਂ ਨੇ ਸਿੱਖ ਪੰਥ ਨੂੰ ਸੁਚੱਜੇ ਢੰਗ ਨਾਲ ਵਿਕਾਸ ਦੀਆਂ ਲੀਹਾਂ 'ਤੇ ਅਗਰਸਰ ਕੀਤਾ। ਉਹਨਾਂ ਨੇ ਆਪਣੇ ਪੂਰਬਲੇ ਗੁਰੂ ਸਾਹਿਬਾਨ ਦੀ ਤਰ੍ਹਾਂ ਸਿੱਖੀ ਨੂੰ ਵਿਹਾਰਕ ਰੂਪ ਵਿਚ ਜੀਅ ਕੇ ਦੱਸਿਆ ਅਤੇ ਆਪਣੀ ਬਾਣੀ ਦੁਆਰਾ ਸਿੱਖ ਸਿਧਾਂਤਾਂ ਨੂੰ ਹਮੇਸ਼ਾ ਲਈ ਸੁਰੱਖਿਅਤ ਕਰਨ ਦਾ ਕਾਰਜ ਵੀ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ ਪੜ੍ਹ ਕੇ ਅਸੀਂ ਸਹਿਜੇ ਹੀ ਉਹਨਾਂ ਦੀ ਸ਼ਖ਼ਸੀਅਤ ਅਤੇ ਅਧਿਆਤਮਿਕ ਅਵਸਥਾ ਦਾ ਅੰਦਾਜਾ ਲਗਾ ਸਕਦੇ ਹਾਂ। ਰਾਮਕਲੀ ਕੀ ਵਾਰ ਵਿਚ ਭਾਈ ਸੱਤਾ ਜੀ ਅਤੇ ਭਾਈ ਬਲਵੰਡ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਵਿਕਾਰਾਂ ਦੀ ਹਨੇਰੀ ਵਿਚ ਨਾ ਡੋਲਣ ਵਾਲਾ ਅਡੋਲ ਪਹਾੜ (ਪਰਬਤੁ ਮੇਰਾਣੁ) ਕਿਹਾ ਹੈ ਅਤੇ ਉਹਨਾਂ ਨੂੰ ਇਕ ਅਜਿਹੇ ਸੂਰਬੀਰ ਵਜੋਂ ਚਿਤ੍ਰਿਤ ਕੀਤਾ ਹੈ ਜੋ ਅਧਿਆਤਮਿਕ ਗੁਣਾਂ ਦੇ ਹਥਿਆਰਾਂ ਨਾਲ ਸ਼ਸਤ੍ਰਬੱਧ ਹਨ। ਭੱਟ ਭਿਖਾ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਇਕ ਪੂਰਨ ਅਧਿਆਤਮਿਕ ਪੁਰਖ ਦਾ ਦਰਜਾ ਦਿੱਤਾ ਹੈ ਜਿਸ ਦੀ ਪ੍ਰਾਪਤੀ ਭਿੱਖਾ ਜੀ ਨੂੰ ਇਕ ਸਾਲ ਕਈ ਸੰਨਿਆਸੀਆਂ, ਸਾਧਾਂ ਤੇ ਤਪੱਸਵੀਆਂ ਕੋਲ ਭਟਕਣ ਤੋਂ ਬਾਅਦ ਹੋਈ।

ਸ੍ਰੀ ਗੁਰੂ ਅਮਰਦਾਸ ਜੀ ਦਾ ਜੀਵਨ ਅਜਿਹੇ ਸਰਬ ਗੁਣ ਸੰਪੰਨ ਦੈਵੀ ਮਨੁੱਖ ਦਾ ਜੀਵਨ ਹੈ ਜਿਹਨਾਂ ਨੇ ਆਪਣੀ ਵਡੇਰੀ ਉਮਰ ਅਤੇ ਲੋਕਾਂ ਦੇ ਬੋਲ-ਕੁਬੋਲਾਂ ਦੀ ਪਰਵਾਹ ਕੀਤੇ ਬਿਨ੍ਹਾਂ ਲਗਾਤਾਰ ਬਾਰਾਂ ਵਰ੍ਹੇ ਗੁਰੂ ਘਰ ਦੀ ਸੇਵਾ ਨੂੰ ਨਿਭਾਇਆ। ਗੁਰੂ ਪਦਵੀ 'ਤੇ ਬਿਰਾਜਮਾਨ ਹੋਣ ਦੇ ਬਾਵਜੂਦ ਵੀ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਪੁੱਤਰ ਦਾਤੂ ਜੀ ਦੁਆਰਾ ਭਰੇ ਦੀਵਾਨ ਵਿਚ ਲੱਤ ਮਾਰੇ ਜਾਣ 'ਤੇ ਉਸਨੂੰ ਹਲੀਮੀ ਭਰੇ ਬੋਲਾਂ ਨਾਲ ਸੰਬੋਧਨ ਹੋਣਾ ਦਰਸਾਉਂਦਾ ਹੈ ਕਿ ਸ੍ਰੀ ਗੁਰੂ ਅਮਰਦਾਸ ਜੀ ਵਿਚ ਅਥਾਹ ਦਰਜੇ ਦੀ ਨਿਮਰਤਾ ਅਤੇ ਹਲੀਮੀ ਸੀ। ਗੁਰੂ ਸਾਹਿਬ ਦੁਆਰਾ ਮੰਜੀ ਸੰਸਥਾ ਦਾ ਆਰੰਭ, ਸਿੱਖ ਧਰਮ ਦੇ ਵਿਕਾਸ ਸੰਬੰਧੀ ਕੀਤਾ ਗਿਆ ਇਕ ਨਿਵੇਕਲਾ ਕਾਰਜ ਸੀ ਜਿਸਨੇ ਸਿੱਖ ਧਰਮ ਦਾ ਵਿਧੀਵਤ ਢੰਗ ਰਾਹੀ ਪ੍ਰਚਾਰ-ਪ੍ਰਸਾਰ ਕਰਨ ਵਿਚ ਅਹਿਮ ਯੋਗਦਾਨ ਪਾਇਆ।

ਸ੍ਰੀ ਗੁਰੂ ਅਮਰਦਾਸ ਜੀ ਦੇ 450 ਸਾਲਾ ਜੋਤੀ-ਜੋਤਿ ਦਿਵਸ ਦੇ ਇਤਿਹਾਸਕ ਅਵਸਰ 'ਤੇ ਜਿੱਥੇ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਵੱਲੋਂ ਧਾਰਮਿਕ ਸਮਾਗਮ ਕੀਤੇ ਜਾ ਰਹੇ ਹਨ ਉੱਥੇ 'ਭਲੇ ਅਮਰਦਾਸ ਗੁਣ ਤੇਰੇ' ਨਾਮਕ ਪੁਸਤਕ ਪ੍ਰਕਾਸ਼ਿਤ ਕਰਕੇ, ਇਸ ਮਹਾਨ ਅਵਸਰ 'ਤੇ ਆਪਣਾ ਅਕਾਦਮਿਕ ਯੋਗਦਾਨ ਵੀ ਪਾਇਆ ਜਾ ਰਿਹਾ ਹੈ। ਇਹ ਪੁਸਤਕ ਇਸ ਇਤਿਹਾਸਕ ਮੌਕੇ 'ਤੇ ਪ੍ਰਕਾਸ਼ਿਤ ਹੋਣ ਵਾਲੀ ਵਿਸ਼ੇਸ਼ਤਾ ਦੇ ਨਾਲ-ਨਾਲ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੀ ਪਹਿਲੀ ਪ੍ਰਕਾਸ਼ਨਾ ਹੋਣ ਕਾਰਨ ਦੂਹਰੀ ਵਿਸ਼ੇਸ਼ਤਾ ਵਾਲੀ ਪੁਸਤਕ ਬਣ ਜਾਂਦੀ ਹੈ। ਮੈਂ ਆਪਣੇ ਆਪ ਨੂੰ ਸੁਭਾਗਾ ਸਮਝਦਾ ਹਾਂ ਕਿ ਗੁਰੂ

ਪਾਤਸ਼ਾਹ ਦੇ 450 ਸਾਲਾ ਜੋਤੀ-ਜੋਤਿ ਦਿਵਸ ’ਤੇ ਮੈਨੂੰ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੀ ਪਹਿਲੀ ਪੁਸਤਕ ਦੇ ਲਿਖਤੀ ਕਾਰਜ ਕਰਨ ਦੀ ਸੇਵਾ ਪ੍ਰਾਪਤ ਹੋਈ। ਪੀਐਚ. ਡੀ ਦਾ ਖੋਜ ਕਾਰਜ ਕਰਦੇ ਹੋਏ ਅਤੇ ਪੀਐਚ. ਡੀ ਤੋਂ ਬਾਅਦ ਖੋਜ ਪੇਪਰ/ ਪੁਸਤਕਾਂ ਦਾ ਅਕਾਦਮਿਕ ਕਾਰਜ ਕਰਨ ਦੌਰਾਨ ਮੇਰੇ ਮਨ ਵਿਚ ਕਈ ਵਾਰ, ਅਜਿਹਾ ਸਰਲ ਸ਼ੈਲੀ ਵਾਲਾ ਅਤੇ ਸੰਖੇਪ ਕਾਰਜ ਕਰਨ ਦੀ ਇੱਛਾ ਪੈਦਾ ਹੋਈ ਜਿਸ ਤੋਂ ਕੰਮ-ਕਾਜੀ ਰੁਝੇਵਿਆਂ ਵਾਲੇ/ ਵਿਸਥਾਰਤ ਪੁਸਤਕਾਂ ਨਾ ਪੜ੍ਹ ਸਕਣ ਵਾਲੇ ਜਿਗਿਆਸੂ ਪਾਠਕ ਵੀ ਲਾਭ ਪ੍ਰਾਪਤ ਕਰ ਸਕਣ। ਇਸ ਇੱਛਾ ਦਾ ਵਿਹਾਰਕ ਪ੍ਰਗਟਾਵਾ ਤੁਹਾਡੇ ਹੱਥਾਂ ਵਿਚ ਪੁਸਤਕ ਦੇ ਰੂਪ ਵਿਚ ਪ੍ਰਸਤੁਤ ਹੈ।

ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ‘ਪਬਲੀਕੇਸ਼ਨ ਅਤੇ ਖੋਜ ਵਿਭਾਗ’ ਸਥਾਪਿਤ ਹੋਣ ਤੋਂ ਬਾਅਦ ਇਹ ਪੁਸਤਕ, ਇਸ ਵਿਭਾਗ ਦਾ ਪਹਿਲਾ ਕਾਰਜ ਹੈ। ਇਸ ਪੁਸਤਕ ਵਿਚ ਸ੍ਰੀ ਗੁਰੂ ਅਮਰਦਾਸ ਜੀ ਦੇ ਜੀਵਨ ਨਾਲ ਸਬੰਧਿਤ ਕੁਝ ਚੋਣਵੇਂ ਪ੍ਰੇਰਨਾਦਾਇਕ ਪ੍ਰਸੰਗਾਂ ਨੂੰ ਸੰਖੇਪ ਰੂਪ ਵਿਚ ਸ਼ਾਮਿਲ ਕੀਤਾ ਗਿਆ ਹੈ। ਹਰ ਪ੍ਰਸੰਗ ਦੇ ਨਾਲ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀਆਂ ਸੰਬੰਧਿਤ ਕਾਵਿ ਸਤਰਾਂ ਨੂੰ ਪ੍ਰਸੰਗ ਦੇ ਭਾਵ ਨਾਲ ਮਿਲਦੀਆਂ-ਜੁਲਦੀਆਂ ਤਸਵੀਰਾਂ ਸਮੇਤ ਸ਼ਾਮਿਲ ਕੀਤਾ ਗਿਆ ਹੈ ਤਾਂ ਕਿ ਪਾਠਕ ਨੂੰ ਪੜ੍ਹੇ ਜਾ ਰਹੇ ਪ੍ਰਸੰਗ ਦੀ ਸਪੱਸ਼ਟ ਅਤੇ ਸੁਖੈਨ ਢੰਗ ਨਾਲ ਸਮਝ ਆ ਸਕੇ। ਪੁਸਤਕ ਵਿਚ ਪ੍ਰਯੁਕਤ ਤਸਵੀਰਾਂ ਦੇ ਸੰਬੰਧ ਵਿਚ ਇਹ ਨੁਕਤਾ ਧਿਆਨ ਦੇਣ ਯੋਗ ਹੈ ਕਿ ਇਨ੍ਹਾਂ ਤਸਵੀਰਾਂ ਦਾ ਉਦੇਸ਼ ਕੇਵਲ ਸੰਬੰਧਿਤ ਜਾਣਕਾਰੀ ਵਿਚ ਵਾਧਾ ਕਰਨਾ ਅਤੇ ਪੁਸਤਕ ਨਾ ਪੜ੍ਹਣ ਵਾਲੇ ਪਾਠਕਾਂ ਵਿਚ ਦਿਲਚਸਪੀ ਪੈਦਾ ਕਰਨਾ ਹੈ। ਸਿਧਾਂਤਕ ਪੱਖ ਤੋਂ ਸਿੱਖ ਧਰਮ ਵਿਚ ਤਸਵੀਰਾਂ, ਮੂਰਤੀਆਂ, ਕਿਸੇ ਧਾਤੂ ਦੇ ਆਕਾਰ ਆਦਿ ਦੀ ਪੂਜਾ ਕਰਨੀ ਜਾਂ ਸ਼ਰਧਾ ਪ੍ਰਗਟਾਉਣਾ ਉਚਿਤ ਨਹੀਂ ਹੈ। ਕੇਵਲ 'ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖਾਲਸੇ ਕਾ' ਹੀ ਪ੍ਰਵਾਨਿਤ ਹੈ। ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਚੋਣਵੇਂ ਬੰਦ/ ਕਾਵਿਕ ਸਤਰਾਂ ਪੜ੍ਹ ਕੇ ਪਾਠਕ, ਮਹਾਂਕਵੀ ਭਾਈ ਸੰਤੋਖ ਸਿੰਘ ਦੀ ਇਤਿਹਾਸਕ-ਕਾਵਿਕ ਪ੍ਰਤਿਭਾ ਦੇ ਸਹਿਜੇ ਹੀ ਦੀਦਾਰੇ ਕਰ ਸਕਦੇ ਹਨ ਕਿਉਂਕਿ ਇਸ ਵੱਡ ਆਕਾਰੀ ਗ੍ਰੰਥ ਵਿੱਚੋਂ ਸੰਬੰਧਿਤ ਪ੍ਰਸੰਗ/ਕਾਵਿਕ ਸਤਰਾਂ ਲੱਭ ਕੇ ਪੜ੍ਹਨਾ ਹਰ ਇਕ ਲਈ ਸੰਭਵ ਨਹੀਂ ਹੈ। ਚੋਣਵੇਂ ਪ੍ਰੇਰਨਾਦਾਇਕ ਪ੍ਰਸੰਗਾਂ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚੋਂ ਸ੍ਰੀ ਗੁਰੂ ਅਮਰਦਾਸ ਜੀ ਦੀ ਸਿਫਤ ਸਲਾਹ ਵਾਲੇ ਕੁਝ ਚੋਣਵੇਂ ਸ਼ਬਦਾਂ/ਬੰਦਾਂ ਨੂੰ ਵੀ ਅਰਥਾਂ ਸਮੇਤ ਸ਼ਾਮਿਲ ਕੀਤਾ ਗਿਆ ਹੈ। ਉਮੀਦ ਹੈ ਕਿ ਪਾਠਕ/ਜਿਗਿਆਸੂ/ਵਿਦਵਾਨ ਜਨ ਇਸ ਪੁਸਤਕ ਤੋਂ ਲਾਭ ਪ੍ਰਾਪਤ ਕਰਨਗੇ।

ਇਸ ਕਾਰਜ ਲਈ ਮੈਂ ਅਕਾਲ ਪੁਰਖ ਦੀ ਰਹਿਮਤ ਦਾ ਕੋਟਾਨ ਕੋਟ ਧੰਨਵਾਦ ਕਰਦਾ ਹਾਂ। ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਮਾਣਯੋਗ ਪ੍ਰਧਾਨ ਜਥੇਦਾਰ ਭੁਪਿੰਦਰ ਸਿੰਘ ਅਸੰਧ, ਸੀਨੀਅਰ ਮੀਤ ਪ੍ਰਧਾਨ ਸ. ਸੁਦਰਸ਼ਨ ਸਿੰਘ ਸਹਿਗਲ, ਜੂਨੀਅਰ ਮੀਤ ਪ੍ਰਧਾਨ ਬੀਬੀ ਰਵਿੰਦਰ ਕੌਰ ਅਜਰਾਣਾ, ਮੁੱਖ ਸਕੱਤਰ ਸ. ਜਸਵਿੰਦਰ ਸਿੰਘ ਦੀਨਪੁਰ, ਵਧੀਕ ਸਕੱਤਰ ਸ. ਸਤਪਾਲ ਸਿੰਘ ਡਾਚਰ ਅਤੇ

ਮੈਨੇਜਮੈਂਟ ਕਮੇਟੀ ਦੇ ਸਮੂਹ ਪ੍ਰਬੰਧਕਾਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਜਿਨਾਂ ਨੇ ਮੈਨੂੰ ਇਸ ਕਾਰਜ ਲਈ ਹਰ ਪ੍ਰਕਾਰ ਦਾ ਸਕਾਰਾਤਮਕ-ਸੁਖਾਵਾਂ ਮਾਹੌਲ ਅਤੇ ਸਹਿਯੋਗ ਪ੍ਰਦਾਨ ਕੀਤਾ। ਡਾ. ਜਗਜੀਤ ਸਿੰਘ ਅਤੇ ਆਜ਼ਾਦ ਸੋਚ ਪ੍ਰਿੰਟਰਜ਼, ਪਟਿਆਲਾ ਦੇ ਅਸੀਂ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ ਜਿਹਨਾਂ ਨੇ ਸੀਮਿਤ ਸਮੇਂ ਵਿਚ ਹਰ ਪ੍ਰਕਾਰ ਦਾ ਸਹਿਯੋਗ ਪ੍ਰਦਾਨ ਕਰਦੇ ਹੋਏ ਇਸ ਪੁਸਤਕ ਦੀ ਸੁੰਦਰ ਛਪਾਈ ਦਾ ਕਾਰਜ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਿਆ। ਇਸ ਇਤਿਹਾਸਕ ਮੌਕੇ ’ਤੇ ਇਹ ਪੁਸਤਕ ਸੰਗਤ ਦੀ ਭੇਟਾ ਕਰਦੇ ਹੋਏ, ਰਹਿਮਤਾਂ ਦੇ ਦਾਤੇ ਸ੍ਰੀ ਗੁਰੂ ਅਮਰਦਾਸ ਜੀ ਕਿਰਪਾ ਦਾ ਪਾਤਰ ਬਣ ਕੇ ਮੈਂ ਆਪਣੇ ਆਪ ਨੂੰ ਵਡਭਾਗਾ ਮਹਿਸੂਸ ਕਰ ਰਿਹਾ ਹਾਂ। ਆਸ ਕਰਦਾ ਹਾਂ ਕਿ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਅਤੇ ਸਿੱਖ ਸੰਗਤ ਦਾ ਭਵਿੱਖ ਵਿਚ ਵੀ ਇਸੇ ਪ੍ਰਕਾਰ ਸਹਿਯੋਗ ਪ੍ਰਾਪਤ ਹੁੰਦਾ ਰਹੇਗਾ। ਪੁਸਤਕ ਵਿਚ ਜਾਣੇ-ਅਣਜਾਣੇ ਵਿਚ ਰਹਿ ਗਈਆਂ ਪਰੂਫ ਰੀਡਿੰਗ/ਟਾਈਪਿੰਗ ਅਤੇ ਹੋਰ ਗਲਤੀਆਂ ਲਈ ਮੈਂ ਸਮੂਹ ਸੰਗਤ ਤੋਂ ਖਿਮਾ ਦਾ ਜਾਚਕ ਹਾਂ। ਗੁਰੂ ਪਾਤਸ਼ਾਹ ਦੇ ਚਰਨਾਂ ਵਿਚ ਅਰਦਾਸ ਹੈ ਕਿ ਸ੍ਰੀ ਗੁਰੂ ਅਮਰਦਾਸ ਜੀ ਸਭਨਾਂ ਦੇ ਸਿਰ ’ਤੇ ਮਿਹਰਾਂ ਭਰਿਆ ਹੱਥ ਰੱਖ ਕੇ ਖੁਸ਼ੀਆਂ, ਤਰੱਕੀਆਂ ਅਤੇ ਰੱਬੀ ਪ੍ਰੇਮ ਦੀ ਬਖਸ਼ਿਸ਼ ਕਰਨ।

ਜਿਸ ਕਾ ਕਾਰਜੁ ਤਿਨ ਹੀ ਕੀਆ ਮਾਣਸੁ ਕਿਆ ਵੇਚਾਰਾ ਰਾਮ ॥

ਡਾ. ਸੰਦੀਪ ਸਿੰਘ
ਇੰਚਾਰਜ, ਪਬਲੀਕੇਸ਼ਨ ਅਤੇ ਖੋਜ ਵਿਭਾਗ,
ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ,
ਕੁਰੂਕਸ਼ੇਤਰ (ਹਰਿਆਣਾ)।

**ੴ ਵਾਹਿਗੁਰੂ ਜੀ ਕੀ ਫ਼ਤਹ॥**

ਸ੍ਰੀ ਭਗੌਤੀ ਜੀ ਸਹਾਇ॥ ਵਾਰ ਸ੍ਰੀ ਭਗੌਤੀ ਜੀ ਕੀ ਪਾਤਸ਼ਾਹੀ ੧੦॥

ਪ੍ਰਿਥਮ ਭਗੌਤੀ ਸਿਮਰਿ ਕੈ ਗੁਰ ਨਾਨਕ ਲਈਂ ਧਿਆਇ॥

ਫਿਰ ਅੰਗਦ ਗੁਰ ਤੇ ਅਮਰਦਾਸੁ ਰਾਮਦਾਸੈ ਹੋਈਂ ਸਹਾਇ॥

ਅਰਜਨ ਹਰਗੋਬਿੰਦ ਨੋ ਸਿਮਰੌ ਸ੍ਰੀ ਹਰਿਰਾਇ॥

ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੈ ਸਭਿ ਦੁਖ ਜਾਇ॥

ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ॥ ਸਭ ਥਾਈਂ ਹੋਇ ਸਹਾਇ॥

ਦਸਵਾਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ! ਸਭ ਥਾਈਂ ਹੋਇ ਸਹਾਇ॥

ਦਸਾਂ ਪਾਤਸ਼ਾਹੀਆਂ ਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀਦਾਰ ਦਾ ਧਿਆਨ ਧਰ ਕੇ ਬੋਲੋ ਜੀ

ਵਾਹਿਗੁਰੂ !



## ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ॥

ਭਾਰਤੀ ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ ਵਿਚ ਸਥਿਤ ਬਾਸਰਕੇ ਨਾਮਕ ਪਿੰਡ ਨੂੰ 'ਸਿੱਖ ਧਰਮ ਦੇ ਤੀਸਰੇ ਰਹਿਨੁਮਾ' ਸ੍ਰੀ ਗੁਰੂ ਅਮਰਦਾਸ ਜੀ ਦੇ ਜਨਮ ਸਥਾਨ ਹੋਣ ਦਾ ਮਾਣ ਪ੍ਰਾਪਤ ਹੈ। ਇਸ ਪਿੰਡ ਵਿਚ ਵੈਸਾਖ ਸੁਦੀ ੧੪, ਸੰਮਤ ੧੫੩੬ (1479 ਈ.) ਨੂੰ ਧਾਰਮਿਕ ਸੁਭਾਅ ਵਾਲੇ ਪਿਤਾ ਸ੍ਰੀ ਤੇਜਭਾਨ ਅਤੇ ਮਾਤਾ ਸੁਲੱਖਣੀ ਜੀ ਦੇ ਘਰ ਸ੍ਰੀ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਹੋਇਆ। ਭੱਟ ਕੀਰਤ ਜੀ ਨੇ ਗੁਰੂ ਸਾਹਿਬ ਦੇ ਪ੍ਰਕਾਸ਼ ਨੂੰ 'ਆਪਿ ਨਰਾਇਣੁ ਕਲਾਧਾਰਿ ਜਗ ਮਹਿ ਪਰਵਰਿਯਉ' ਕਹਿ ਕੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਪਰਮਾਤਮਾ ਦੇ ਰੂਪ ਵਜੋਂ ਚਿਤ੍ਰਿਤ ਕੀਤਾ ਹੈ। ਬਾਸਰਕੇ ਨਗਰੀ ਦਾ ਕਣ-ਕਣ ਸ੍ਰੀ ਗੁਰੂ ਅਮਰਦਾਸ ਜੀ ਦੀ ਪਾਵਨ ਚਰਨ ਛੁਹ ਦਾ ਸਾਖੀ ਹੈ ਜਿੱਥੇ ਗੁਰੂ ਸਾਹਿਬ ਨੇ ਆਪਣੀ ਬਾਲ ਅਵਸਥਾ ਤੋਂ ਜੀਵਨ ਦੇ ਛੇਵੇਂ ਦਹਾਕੇ ਤੱਕ ਦਾ ਸਮਾਂ ਬਤੀਤ ਕੀਤਾ। ਇਸ ਨਗਰ ਵਿਚ ਸ੍ਰੀ ਗੁਰੂ ਅਮਰਦਾਸ ਜੀ ਦੀ ਪਵਿੱਤਰ ਯਾਦ ਨਾਲ ਸੰਬੰਧਿਤ ਦੋ ਗੁਰਦੁਆਰਾ ਸਾਹਿਬ ਸੁਭਾਇਮਾਨ ਹਨ-ਗੁਰਦੁਆਰਾ ਜਨਮ ਅਸਥਾਨ ਅਤੇ ਗੁਰਦੁਆਰਾ ਸੰਨ੍ਹ ਸਾਹਿਬ। ਇਸ ਪਿੰਡ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਪੁੱਤਰੀ ਬੀਬੀ ਅਮਰੋ ਜੀ ਦੀ ਸਮਾਧ ਵੀ ਮੌਜੂਦ ਹੈ। ਮਹਾਂਕਵੀ ਭਾਈ ਸੰਤੋਖ ਸਿੰਘ ਨੇ ਸ੍ਰੀ ਗੁਰੂ ਅਮਰਦਾਸ ਜੀ ਦੇ ਪ੍ਰਕਾਸ਼ ਅਸਥਾਨ ਅਤੇ ਉਹਨਾਂ ਦੇ ਪਰਿਵਾਰ ਨੂੰ ਇਸ ਪ੍ਰਕਾਰ ਨਿਰੂਪਿਤ ਕੀਤਾ ਹੈ-

ਇਕ ਬਾਸੁਰ ਕੇ ਗ੍ਰਾਮ ਹੈ ਤਹਿਂ ਬਸਹਿ ਨਿਕੇਤੰ।
ਤੇਜੋ ਛੱਤ੍ਰੀ ਭਾਗ ਬਡ ਨਿਸ ਦਿਨ ਪ੍ਰਭੁ ਚੇਤੰ ॥੨॥
ਭਲੇ ਕਰਮ ਮਹਿਂ ਪ੍ਰੀਤਿ ਉਰ ਭੱਲਜਨ ਕੁਲ ਮਾਂਹੀ ।
ਧੀਰਜ ਧਰਮ ਬਿਸ਼ਾਲ ਜਿਹ ਅਵਗੁਨ ਚਿਤ ਨਾਂਹੀ।
ਤਿਨਕੇ ਸੁਤ ਉਤਪਤਿ ਭਏ ਸ਼੍ਰੀ ਅਮਰ ਬਡੇਰੇ॥
ਅਪਰ ਭਏ ਪੁਨ ਤੀਨ ਸੁਤ ਹਰਖਤਿ ਭਾ ਹੋਰੇ ॥੩॥
ਖੇਤੀ ਕ੍ਰਿਤਿ ਕੋ ਸੁਤ ਕਰਹਿਂ ਤੇਜੋ ਸੁਖ ਪਾਵੈ॥
ਬੈਠਿ ਰਹਹਿ ਸਿਮਰਹਿ ਪ੍ਰਭੁ ਭਗਤੀ ਚਿਤ ਲਾਵੈਂ॥

-ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੧, ਅੰਸੂ ੧੪



ਗੁਰਦੁਆਰਾ ਜਨਮ ਅਸਥਾਨ ਸ੍ਰੀ ਗੁਰੂ ਅਮਰਦਾਸ ਜੀ, ਬਾਸਰਕੇ, ਜ਼ਿਲ੍ਹਾ ਅੰਮ੍ਰਿਤਸਰ
(ਮੌਜੂਦਾ ਤਸਵੀਰ)



ਗੁਰਦੁਆਰਾ ਜਨਮ ਅਸਥਾਨ ਸ੍ਰੀ ਗੁਰੂ ਅਮਰਦਾਸ ਜੀ, ਬਾਸਰਕੇ, ਜ਼ਿਲ੍ਹਾ ਅੰਮ੍ਰਿਤਸਰ
(ਪੁਰਾਤਨ ਤਸਵੀਰ)

## ਬਿਨੁ ਗੁਰ ਪੂਰੇ ਨਾਹੀ ਉਧਾਰੁ ॥

ਸਿੱਖੀ ਮਾਰਗ ਵਿਚ ਆਉਣ ਤੋਂ ਪਹਿਲਾਂ ਸ੍ਰੀ ਗੁਰੂ ਅਮਰਦਾਸ ਜੀ ਸਾਲ ਵਿਚ ਦੋ ਵਾਰ ਹਰਿਦੁਆਰ ਦੀ ਤੀਰਥ ਯਾਤਰਾ ਕਰਦੇ ਸਨ। 20ਵੀਂ ਵਾਰ ਹਰਿਦੁਆਰ ਦੀ ਯਾਤਰਾ ਤੋਂ ਮੁੜਦੇ ਹੋਏ ਇਕ ਬ੍ਰਹਮਚਾਰੀ ਉਹਨਾਂ ਦਾ ਸਾਥੀ ਬਣ ਗਿਆ ਅਤੇ ਬਾਬਾ ਅਮਰਦਾਸ ਜੀ ਦੇ ਘਰ ਇਕ ਰਾਤ ਟਿਕਾਣਾ ਕੀਤਾ। ਬਾਬਾ ਅਮਰਦਾਸ ਜੀ ਨਾਲ ਉਸ ਬ੍ਰਹਮਚਾਰੀ ਦੀ ਅਧਿਆਤਮਿਕ ਵਿਸ਼ਿਆਂ ’ਤੇ ਚਰਚਾ ਚਲਦੀ ਰਹੀ। ਉਹ ਬ੍ਰਹਮਚਾਰੀ ਬਾਬਾ ਅਮਰਦਾਸ ਜੀ ਦੀ ਰਹਿਣੀ-ਬਹਿਣੀ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਉਹਨਾਂ ਦੇ ਗੁਰੂ ਬਾਰੇ ਪੁੱਛਿਆ। ਬਾਬਾ ਅਮਰਦਾਸ ਜੀ ਦੇ ਇਹ ਦੱਸਣ ’ਤੇ ਕਿ ਉਹ ਅਜੇ ਤੱਕ ਗੁਰੂ ਦੀ ਭਾਲ ਵਿਚ ਹਨ ਅਤੇ ਗੁਰੂ ਧਾਰਨ ਨਹੀਂ ਕੀਤਾ, ਬ੍ਰਹਮਚਾਰੀ ਇਹ ਕਹਿੰਦਾ ਹੋਇਆ ਵਾਪਸ ਚਲਾ ਗਿਆ ਕਿ ਨਿਗੁਰੇ ਦਾ ਸੰਗ ਕਰਨ ਨਾਲ ਉਸ ਦਾ ਤੀਰਥ-ਨੇਮ ਸਭ ਵਿਅਰਥ ਚਲਿਆ ਗਿਆ ਹੈ। ਇਸ ਘਟਨਾ ਨੇ ਬਾਬਾ ਅਮਰਦਾਸ ਜੀ ਦੇ ਦਿਲ ’ਤੇ ਗਹਿਰੀ ਸੱਟ ਮਾਰੀ ਅਤੇ ਉਹਨਾਂ ਦਾ ਮਨ ਦਿਨ-ਰਾਤ ਸੱਚੇ ਗੁਰੂ ਦੀ ਭਾਲ ਵਿਚ ਵਿਆਕੁਲ ਹੋ ਕੇ ਪਰਮਾਤਮਾ ਅੱਗੇ ਬੇਨਤੀਆਂ ਕਰਨ ਲੱਗਿਆ।

***

## ਬਿਨੁ ਗੁਰ ਪੂਰੇ ਨਾਹੀ ਉਧਾਰੁ ॥

***



ਕਹਿ ਦਿਜ ਸੋਂ ਮਾਰਗ ਚਲੇ ਆਵਨਿ ਕੋ ਧਾਮਾ ।
ਇਕ ਬ੍ਰਹਮਚਾਰੀ ਬੇਸ ਮਹਿਂ ਜਿਹ ਮਤਿ ਅਭਿਰਾਮਾ।
ਮਿਲਯੋ ਸੰਗ ਸ਼੍ਰੀ ਅਮਰ ਕੇ ਕਿਯ ਬਚਨ ਬਿਲਾਸਾ।
ਚਲਤਿ ਪੰਥ ਸ਼ੁਭ ਕਥਾ ਪ੍ਰਭੁ ਬਹੁ ਭਾਂਤਿ ਪ੍ਰਕਾਸ਼ਾ ॥੨੫॥
... ਘਰ ਅਪਨ ਸ਼੍ਰੀ ਅਮਰ ਜੂ ਆਨਯੋ ਬ੍ਰਹਮਚਾਰੀ।
ਸਾਦਰ ਖਾਨ ਰੁ ਪਾਨ ਕੋ ਦੀਨਸਿ ਹਿਤ ਧਾਰੀ।
...ਕਿਸ ਪ੍ਰਸੰਗ ਪਰ ਬਾਰਤਾ ਬੋਲਯੋ ਬ੍ਰਹਮ ਚਾਰੀ।
ਗੁਰੂ ਤੁਮਾਰੋ ਕਵਨ ਹੈ ਕਿਮ ਦੀਖਜਾਧਾਰੀ?
ਸੁਨਿ ਸ੍ਰੀ ਅਮਰ ਬਖਾਨਿਓ ਗੁਰੁ ਮੋਹਿ ਨ ਪਾਯੋ॥
ਖੋਜ ਰਹਯੋ ਅਭਿਲਾਖ ਸੋਂ ਕੋ ਦ੍ਰਿਸ਼ਟਿ ਨ ਆਯੋ ॥੨੮॥
...ਸੁਨਤਿ ਦੁਖਯੋ ਅਤਿ ਚਿਤ ਬਿਖੈ, ਬੋਲਯੋ ਬ੍ਰਹਮਚਾਰੀ ।
ਤਪ ਤੀਰਥ ਬ੍ਰਿਤਿ ਘਾਲ ਬਡ ਭੀ ਬਿਫਲ ਹਮਾਰੀ ॥੨੯॥ ....
'ਨਿਗੁਰੇ ਕੋ ਸੰਗੀ ਭਯੋ ਕਿਯ ਖਾਨ ਰੁ ਪਾਨਾ।
ਪੁੰਨ ਅਕਾਰਥ ਸਭਿ ਭਏ, ਮੁਝ ਚਿੰਤ ਮਹਾਂਨਾ ॥੩੦॥
...ਚਿਤ ਮਹਿ ਅਤਿ ਰਿਸ ਕਰਤਿ ਹੀ ਉਠਿ ਮਾਰਗ ਲੀਨਾ।
ਅਮਰਦਾਸ ਪਸ਼ਚਾਤਿ ਤਿਸੁ ਪਛੁਤਾਵਨਿ ਕੀਨਾ ॥੩੧॥
ਅਪਰ ਸਰਬ ਹੀ ਸੁਧ ਗਈ ਇਕ ਹੀ ਲਿਵਲਾਗੀ।
-ਗੁਰੂ ਮਿਲਹਿਂ ਕਰਿ ਲੇਇ ਹੌਂ-ਇੱਛਾ ਬਹੁ ਜਾਗੀ ।
ਪ੍ਰਭੁ ਆਗੈ ਬਿਨਤੀ ਕਰੀ 'ਪੂਰਹੁ ਮਮ ਆਸਾ।
ਦੀਨਬੰਧੁ ਹਰਿ ਦਯਾਨਿਧਿ ਲਖਿ ਦਾਸਨ ਦਾਸਾ॥ ੩੨॥

-ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੧, ਅੰਸੂ ੧੪

## ਗੁਰ ਕਾ ਸਬਦੁ ਲਗੋ ਮਨਿ ਮੀਠਾ ॥

ਪੂਰੇ ਗੁਰੂ ਦੀ ਭਾਲ ਵਿਚ ਬਾਬਾ ਅਮਰਦਾਸ ਜੀ ਦੇ ਵਿਆਕੁਲ ਮਨ ਨੂੰ ਉਸ ਸਮੇਂ ਧਰਵਾਸ ਮਿਲਿਆ ਜਦੋਂ ਅੰਮ੍ਰਿਤ ਵੇਲੇ ਦੁੱਧ ਰਿੜਕ ਰਹੇ ਬੀਬੀ ਅਮਰੋ ਜੀ ਦੁਆਰਾ ਪੜ੍ਹੀ ਜਾ ਰਹੀ ਗੁਰਬਾਣੀ ਦੀ ਮਧੁਰ ਆਵਾਜ ਉਹਨਾਂ ਦੇ ਕੰਨੀ ਪਈ। ਬੀਬੀ ਅਮਰੋ ਜੀ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਪੁੱਤਰੀ ਸਨ ਅਤੇ ਬਾਬਾ ਅਮਰਦਾਸ ਜੀ ਦੇ ਭਰਾ ਮਾਣਕ ਚੰਦ ਦੇ ਸਪੁੱਤਰ ਨਾਲ ਵਿਆਹੇ ਹੋਣ ਕਾਰਨ ਰਿਸ਼ਤੇ ਵਜੋਂ ਬਾਬਾ ਅਮਰਦਾਸ ਜੀ ਦੇ ਨੂੰਹ ਲੱਗਦੇ ਸਨ। ਜਿਸ ਸਮੇਂ ਗੁਰਬਾਣੀ ਪਾਠ ਦੀ ਆਵਾਜ਼ ਬਾਬਾ ਅਮਰਦਾਸ ਜੀ ਦੇ ਕੰਨੀ ਪਈ ਤਾਂ ਬੀਬੀ ਅਮਰੋ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚੋਂ 'ਕਰਣੀ ਕਾਗਦੁ ਮਨੁ ਮਸਵਾਣੀ' ਵਾਲੇ ਸ਼ਬਦ ਦਾ ਪਾਠ ਕਰ ਰਹੇ ਸਨ। ਇਸ ਸ਼ਬਦ ਵਿਚ ਗੁਰੂ ਤੋਂ ਵਿਹੂਣੇ ਮਨੁੱਖ ਦੀ ਨਿਘਰਦੀ ਆਤਮਕ ਹਾਲਤ ਅਤੇ ਵਿਅਰਥ ਜਾ ਰਹੇ ਜੀਵਨ ਦਾ ਜ਼ਿਕਰ ਕੀਤਾ ਗਿਆ ਹੈ। ਬਾਬਾ ਅਮਰਦਾਸ ਜੀ ਨੂੰ ਇਹ ਸ਼ਬਦ ਸੁਣ ਕੇ ਇਸ ਤਰ੍ਹਾਂ ਮਹਿਸੂਸ ਹੋਇਆ ਕਿ ਇਸ ਸ਼ਬਦ ਵਿਚ ਉਹਨਾਂ ਦੀ ਹਾਲਤ ਦਾ ਜ਼ਿਕਰ ਹੈ। ਉਹਨਾਂ ਨੇ ਬੀਬੀ ਅਮਰੋ ਜੀ ਨੂੰ ਉਸ ਮਹਾਂਪੁਰਖ ਪਾਸ ਲੈ ਕੇ ਜਾਣ ਦੀ ਬੇਨਤੀ ਕੀਤੀ ਜਿਹਨਾਂ ਦੁਆਰਾ ਇਸ ਬਾਣੀ ਦਾ ਉਚਾਰਨ ਕੀਤਾ ਗਿਆ ਹੈ। ਬੀਬੀ ਅਮਰੋ ਜੀ, ਬਾਬਾ ਅਮਰਦਾਸ ਜੀ ਦੀ ਇੱਛਾ ਅਨੁਸਾਰ ਉਹਨਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦੂਸਰੇ ਜਾਮੇ, ਸ੍ਰੀ ਗੁਰੂ ਅੰਗਦ ਦੇਵ ਜੀ ਪਾਸ ਖਡੂਰ ਸਾਹਿਬ ਲੈ ਗਏ ਜਿੱਥੇ ਬਾਬਾ ਅਮਰਦਾਸ ਜੀ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪਹਿਲਾ ਮਿਲਾਪ ਹੋਇਆ।

***

## ਗੁਰ ਕਾ ਸਬਦੁ ਲਗੋ ਮਨਿ ਮੀਠਾ ॥

***




ਸ੍ਰੀ ਗੁਰ ਅੰਗਦ ਕੀ ਸੁਤਾ ਬੀਬੀ ਅਮਰੋ ਨਾਮ ।
ਭਗਤਿ ਧਾਰ ਬਪੁ ਆਪਨੋਂ ਉਪਜੀ ਸਤਿਗੁਰ ਧਾਮ॥੧॥
...ਤਿਸ ਨਿਸ ਉਠਿ ਸਤਿਗੁਰ ਸਿਮਰ ਮੱਜਨ ਕੋ ਠਾਨਾ॥
ਪਠਹਿ ਗੁਰੂ ਕੇ ਸ਼ਬਦ ਸ਼ੁਭ ਫਲ ਜਿਨਹੁ ਮਹਾਨਾ॥
ਦਧੀ ਬਿਲੋਵਤਿ ਸਹਜਿ ਸੋਂ, ਮੁਖ ਬੋਲਤਿ ਬਾਨੀ ।
ਹੁਇ ਪ੍ਰਸੰਨ ਕਰਿ ਪ੍ਰੇਮ ਸੋਂ ਨਿਜ ਬ੍ਰਿਤੀ ਟਿਕਾਨੀ ॥੪॥
....ਸੁਨਿ ਕੇ ਸਤਿਗੁਰ ਸਬਦ ਕੋ ਮਨ ਭਯੋ ਹੁਲਾਸਾ ।
-ਮੋਹਿ ਦਸ਼ਾ ਅਸ ਅਬਿ ਅਹੈ ਜਿਮ ਸ਼ਬਦ ਪ੍ਰਕਾਸ਼ਾ॥
ਤਰੁਨ ਅਵਸਥਾ ਬਿਤ ਗਈ ਬਿਰਧਾਪਨ ਪਾਵਾ॥
ਲੋਹਾ ਹੁਤੇ ਮਨੂਰ ਭਾ ਕਿਤ ਕਾਜ ਨ ਆਵਾ ॥੯॥
ਲੋਹੇ ਕੋ ਪਾਰਸ ਛੁਵੈ ਕੰਚਨ ਹੁਇ ਜਾਈ।
ਮਮ ਮਨੂਰ ਕੋ ਗੁਰ ਮਿਲਹਿ ਸੁਧ ਕਰਹਿ ਬਨਾਈ॥
ਮਨਹੁ ਸਬਦ ਮੁਝ ਪਰ ਕਿਯੋ, ਅਸ ਦਸ਼ਾ ਸਰੀਰਾ॥
ਇਮ ਬਿਚਾਰਿ ਬੂਝਤਿ ਭਏ ਆਸ਼ੈ ਗੰਭੀਰਾ ॥ ੧੦॥

-ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੧, ਅੰਸੂ ੧੫

## ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ ॥

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਨਾਂ ਦੀ ਤਾਂਘ ਲੈ ਕੇ ਜਦੋਂ ਬਾਬਾ ਅਮਰਦਾਸ ਜੀ, ਬੀਬੀ ਅਮਰੋ ਜੀ ਨਾਲ ਖਡੂਰ ਸਾਹਿਬ ਪਹੁੰਚੇ ਤਾਂ ਉਹਨਾਂ ਨੇ ਬਾਬਾ ਅਮਰਦਾਸ ਜੀ ਨੂੰ ਬਾਹਰ ਰੁਕਣ ਲਈ ਕਿਹਾ। ਬੀਬੀ ਅਮਰੋ ਜੀ ਜਦੋਂ ਪਹਿਲਾਂ ਆਪ ਗੁਰੂ ਪਿਤਾ ਦੇ ਦਰਬਾਰ ਪਹੁੰਚੇ ਤਾਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕਿਹਾ- 'ਕੋਈ ਗੱਲ ਨਹੀਂ ਜੇ ਬਿਨ ਬੁਲਾਏ ਆਏ ਹੋ ਪਰ ਜਿਸ ਦੇ ਸੰਗ ਆਏ ਹੋ ਉਹਨਾਂ ਨੂੰ ਨਾਲ ਕਿਉਂ ਨਹੀਂ ਲਿਆਏ?' ਬਾਬਾ ਅਮਰਦਾਸ ਜੀ ਨੂੰ ਆਦਰ ਸਹਿਤ ਅੰਦਰ ਬੁਲਾਇਆ ਗਿਆ। ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਰਕੇ ਉਹਨਾਂ ਦੇ ਹਿਰਦੇ ਨੂੰ ਰੂਹਾਨੀ ਅਨੰਦ ਦੀ ਪ੍ਰਾਪਤੀ ਹੋਈ ਅਤੇ ਭਟਕਦੇ ਮਨ ਵਿਚ ਇਕ ਟਿਕਾਅ ਪੈਦਾ ਹੋਇਆ। ਕੁੜਮ ਵਾਲੇ ਸੰਸਾਰੀ ਰਿਸ਼ਤੇ ਅਨੁਸਾਰ ਉਹਨਾਂ ਨੇ ਗਲਵਕੜੀ ਲੱਗਣ ਦੀ ਥਾਂ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਚਰਨਾਂ ਵਿਚ ਸੀਸ ਰੱਖ ਕੇ ਕਿਹਾ- 'ਮੈਨੂੰ ਤੁਹਾਡਾ ਦਾਸ ਹੀ ਸਮਝੋ।' ਬਾਬਾ ਅਮਰਦਾਸ ਜੀ ਨੇ ਕਿਹਾ ਕਿ ਅੱਜ ਮੈਨੂੰ ਗੰਗਾ ਇਸ਼ਨਾਨ ਦਾ ਫਲ ਮਿਲ ਗਿਆ ਹੈ ਤਾਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਫੁਰਮਾਇਆ- 'ਅਮਰਦਾਸ ਜੀ, ਆਪਣੀ ਭਾਵਨਾ ਹੀ ਫਲਦੀ ਹੈ। ਹੋਰ ਪੱਥਰ, ਪਾਣੀ, ਲੱਕੜ, ਮਿੱਟੀ ਦੀ ਮੂਰਤ ਨਹੀਂ ਫਲਦੀ। ਆਪਣਾ ਮਨ ਹੀ ਦੇਵਤਾ ਹੈ।' ਇਸ ਮੁਲਾਕਾਤ ਤੋਂ ਬਾਅਦ ਬਾਬਾ ਅਮਰਦਾਸ ਜੀ ਸਦਾ ਲਈ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਹੀ ਹੋ ਗਏ ਅਤੇ ਦੁਨਿਆਵੀ ਰਿਸ਼ਤੇ ਦੀ ਪਰਵਾਹ ਕੀਤੇ ਬਿਨਾਂ ਅਗਲੇ 12 ਸਾਲ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਅਣਥੱਕ ਸੇਵਾ ਕੀਤੀ।

***



ਦਰਸ਼ਨ ਕੀਨਸਿ ਜਾਇ ਕੈ ਮੁਖ ਕਮਲ ਬਿਕਾਸ਼ਾ।
ਰਾਗ ਦ੍ਵੈਸ਼ ਸੁਖ ਦੁਖ ਬਿਖੈ ਬ੍ਰਿਤਿ ਜਿਨਹੁ ਉਦਾਸਾ ॥੨੪॥
ਲਖਿ ਸੰਸਾਰ ਸੰਬੰਧ ਕੋ ਹੁਇ ਸਤਿਗੁਰ ਠਾਂਢੇ॥
ਗਲ ਮਿਲਿਬੇ ਕਹੁ ਤਯਾਰ ਭੇ ਪਟ ਤੇ ਕਰ ਕਾਢੇ॥
ਚਰਨ ਗਹੇ ਸ਼੍ਰੀ ਅਮਰ ਤਬਿ ਬੰਦਨ ਕੋ ਠਾਨੀ ।
'ਉਚਿਤ ਨਹੀਂ ਗਰ ਮਿਲਨ ਕੇ ਲਿਹੁ ਦਾਸ ਪਛਾਨੀ' ॥੨੫॥

-ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੧, ਅੰਸੂ ੧੫

# ਸੇਵਾ ਕਰਤ ਹੋਇ ਨਿਹਕਾਮੀ ॥

ਸਿੱਖੀ ਮਾਰਗ ਵਿਚ ਪ੍ਰਵੇਸ਼ ਕਰਨ ਤੋਂ ਬਾਅਦ ਬਾਬਾ ਅਮਰਦਾਸ ਜੀ ਨੇ ਆਪਣਾ ਸਮੁੱਚਾ ਜੀਵਨ, ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਗੁਰੂ ਘਰ ਦੀ ਸੇਵਾ ਨੂੰ ਸਮਰਪਿਤ ਕਰ ਦਿੱਤਾ। ਇਸ ਸੇਵਾ ਦੇ ਰਾਹ ਵਿਚ ਆਉਣ ਵਾਲੀਆਂ ਅਨੇਕਾਂ ਰੁਕਾਵਟਾਂ- ਲੋਕ ਉਪਹਾਸ, ਦੁਨਿਆਵੀ ਤਾਨੇ-ਮਿਹਣੇ ਅਤੇ ਰਿਸ਼ਤੇਦਾਰਾਂ ਦੇ ਬੋਲ-ਕੁਬੋਲਾਂ ਨੂੰ ਧੀਰਜ ਨਾਲ ਸਹਿਣ ਕਰਦੇ ਹੋਏ ਉਹਨਾਂ ਨੇ ਸੇਵਾ ਦੀ ਇਕ ਅਨੂਠੀ ਮਿਸਾਲ ਕਾਇਮ ਕੀਤੀ। 62 ਸਾਲ ਦੀ ਵਡੇਰੀ ਸਰੀਰਕ ਅਵਸਥਾ ਵਿਚ ਵੀ ਉਹ 'ਗੁਰਮੁਖਿ ਬੁਢੇ ਕਦੇ ਨਾਹੀ' ਦੀ ਸਾਕਾਰ ਮੂਰਤ ਸਨ। ਪਹਿਰ ਰਹਿੰਦੀ ਰਾਤ ਜਾਗ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਇਸ਼ਨਾਨ ਲਈ ਬਿਆਸ ਦਰਿਆ ਤੋਂ ਗਾਗਰ ਵਿਚ ਜਲ ਭਰ ਕੇ ਲਿਆਉਣਾ, ਗੁਰੂ ਜੀ ਦੇ ਵਸਤਰ ਧੋਅ ਕੇ ਸੁਕਾਉਣੇ, ਜੰਗਲ ਵਿਚੋਂ ਲੰਗਰ ਲਈ ਲੱਕੜਾਂ ਲਿਆਉਣੀਆਂ, ਲੰਗਰ ਵਿਚ ਜੂਠੇ ਬਰਤਨਾਂ ਦੀ ਸੇਵਾ, ਆਰਾਮ ਕਰ ਰਹੇ ਗੁਰਸਿੱਖਾਂ ਦੀ ਪੱਖਾ ਝਲਾਉਣ ਅਤੇ ਮੁੱਠੀ ਚਾਪੀ ਦੀ ਸੇਵਾ ਕਰਨੀ ਉਹਨਾਂ ਦਾ ਨਿਤ ਦਾ ਨੇਮ ਸੀ। ਬਾਬਾ ਅਮਰਦਾਸ ਜੀ ਬਾਰੇ ਇਤਿਹਾਸ ਵਿਚ ਇਹ ਜ਼ਿਕਰ ਵੀ ਆਉਂਦਾ ਹੈ ਕਿ ਉਹਨਾਂ ਨੂੰ ਕਦੀ ਵੀ ਕਿਸੇ ਗੁਰਸਿੱਖ ਨੇ ਆਰਾਮ ਕਰਦਿਆਂ ਨਹੀਂ ਵੇਖਿਆ ਭਾਵ ਕਿ ਉਹ ਸਾਰੀ ਸੰਗਤ ਦੇ ਸੌਣ ਤੋਂ ਬਾਅਦ ਆਰਾਮ ਕਰਦੇ ਅਤੇ ਸੰਗਤ ਦੇ ਉੱਠਣ ਤੋਂ ਪਹਿਲਾਂ ਜਾਗ ਜਾਂਦੇ। ਅਜਿਹਾ ਨੇਮ ਉਹਨਾਂ ਨੇ ਲਗਾਤਾਰ 12 ਸਾਲਾਂ ਤੱਕ ਨਿਭਾਇਆ। ਹਨੇਰੀ, ਤੂਫਾਨ, ਗਰਮੀ, ਸਰਦੀ ਆਦਿਕ ਵਰਤਾਰੇ ਕਦੀ ਵੀ ਉਹਨਾਂ ਦੇ ਨੇਮ ਵਿਚ ਵਿਘਨ ਨਾ ਪਾ ਸਕੇ। ਅਜਿਹੀ ਅਣਥੱਕ ਅਤੇ ਕਠਿਨ ਘਾਲਣਾ ਕਾਰਨ ਹੀ ਉਹ 'ਸੇਵਾ ਦੇ ਪੁੰਜ' ਵਜੋਂ ਜਾਣੇ ਜਾਂਦੇ ਹਨ ਜਿਹਨਾਂ ਨੇ ਸੇਵਾ ਰਾਹੀਂ ਆਪਣੀਆਂ ਸਾਰੀਆਂ ਇੱਛਾਵਾਂ ਨੂੰ ਕਾਬੂ ਕਰ ਕੇ ਪਰਮਾਤਮਾ ਦੀ ਪ੍ਰਾਪਤੀ ਵਾਲੀ ਉੱਚ ਅਵਸਥਾ ਪ੍ਰਾਪਤ ਕਰ ਲਈ ਸੀ-

ਸੇਵਾ ਕਰਤ ਹੋਇ ਨਿਹਕਾਮੀ।।
ਤਿਸ ਕਉ ਹੋਤ ਪਰਾਪਤਿ ਸੁਆਮੀ।।





# ਪਾਪੀ ਤਪਾ ਕੁਕਰਮ ਕਰੰਤਾ

ਖਡੂਰ ਸਾਹਿਬ ਵਿਖੇ ਰਹਿਣ ਵਾਲਾ ਸ਼ਿਵਨਾਥ ਨਾਮ ਦਾ ਤਪਾ ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਈਰਖਾ ਕਰਦਾ ਸੀ ਕਿਉਂਕਿ ਗੁਰੂ ਸਾਹਿਬ ਦੇ ਖਡੂਰ ਸਾਹਿਬ ਆਉਣ ਨਾਲ ਉਸ ਦਾ ਪਖੰਡ ਬੰਦ ਹੋ ਗਿਆ ਸੀ। ਇਕ ਵਾਰ ਮੀਂਹ ਦੇ ਮੌਸਮ ਵਿਚ ਕਾਫੀ ਸਮਾਂ ਲੰਘ ਜਾਣ ਤੋਂ ਬਾਅਦ ਵੀ ਨਗਰ ਵਿਚ ਮੀਂਹ ਨਾ ਪਿਆ। ਸ਼ਿਵਨਾਥ ਤਪੇ ਨੇ ਆਪਣੀ ਈਰਖਾ ਵਸ ਪਿੰਡ ਦੇ ਜ਼ਿਮੀਦਾਰਾਂ ਨੂੰ ਕਿਹਾ ਕਿ ਮੀਂਹ ਨਾ ਪੈਣ ਦਾ ਕਾਰਨ ਪਿੰਡ ਵਾਲਿਆਂ ਵੱਲੋਂ ਗ੍ਰਹਿਸਤੀ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਪਿੰਡ ਵਿਚ ਵਸਾ ਕੇ ਆਪਣਾ ਗੁਰੂ ਬਣਾਉਣਾ ਹੈ। ਜੇਕਰ ਸ੍ਰੀ ਗੁਰੂ ਅੰਗਦ ਦੇਵ ਜੀ ਪਿੰਡ ਛੱਡ ਕੇ ਚਲੇ ਜਾਣ ਤਾਂ ਮੀਂਹ ਪੈ ਜਾਵੇਗਾ। ਪਿੰਡ ਦੇ ਜ਼ਿਮੀਦਾਰਾਂ ਨੂੰ ਗੁਰੂ ਸਾਹਿਬ ਨੇ ਸਮਝਾਇਆ ਕਿ ਇਹ ਸਭ ਕੁਝ ਪਰਮਾਤਮਾ ਦੇ ਹੱਥ ਹੈ ਅਤੇ ਸਭ ਕੁਝ ਉਸੇ ਦੇ ਹੁਕਮ ਵਿਚ ਹੁੰਦਾ ਹੈ ਪ੍ਰੰਤੂ ਪਿੰਡ ਦੇ ਜ਼ਿਮੀਂਦਾਰ ਤਪੇ ਦੀਆਂ ਗੱਲਾਂ ਦੇ ਅਸਰ ਕਾਰਨ ਇਹਨਾਂ ਗੱਲਾਂ ਨੂੰ ਸਮਝ ਨਾ ਸਕੇ। ਆਖਿਰ, ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕਿਸੇ ਨੂੰ ਕੁਝ ਕਹਿਣ ਤੋਂ ਬਿਨਾਂ ਹੀ ਖਡੂਰ ਸਾਹਿਬ ਨਗਰ ਛੱਡ ਕੇ ਖਾਨ ਰਜ਼ਾਦਾ ਨਾਮਕ ਸਥਾਨ ਦੀ ਝਿੜੀ ਵਿਚ ਆਪਣਾ ਟਿਕਾਣਾ ਕਰ ਲਿਆ। ਇਸ ਸਾਰੇ ਘਟਨਾ ਕ੍ਰਮ ਦੌਰਾਨ ਬਾਬਾ ਅਮਰਦਾਸ ਜੀ, ਸ੍ਰੀ ਗੁਰੂ ਅੰਗਦ ਦੇਵ ਜੀ ਦਾ ਹੁਕਮ ਮੰਨ ਕੇ ਆਪਣੇ ਨਗਰ ਬਾਸਰਕੇ ਗਏ ਹੋਏ ਸਨ। ਜਦੋਂ ਉਹ ਬਾਸਰਕੇ ਤੋਂ ਖਡੂਰ ਸਾਹਿਬ ਵਾਪਸ ਆਏ ਤਾਂ ਉੱਥੇ ਸ੍ਰੀ ਗੁਰੂ ਅੰਗਦ ਦੇਵ ਜੀ ਮੌਜੂਦਗੀ ਨਾ ਹੋਣ ਕਾਰਨ ਵਿਆਕੁਲ ਹੋ ਉੱਠੇ। ਸਾਰੀ ਗੱਲ ਪਤਾ ਲੱਗਣ ’ਤੇ ਉਹਨਾਂ ਨੇ ਪਿੰਡ ਵਾਸੀਆਂ ਨੂੰ ਕਿਹਾ ਕਿ ਤਪੇ ਦੇ ਪਿੱਛੇ ਲੱਗ ਕੇ ਗੁਰੂ ਸਾਹਿਬ ਨਾਲ ਅਜਿਹਾ ਵਿਵਹਾਰ ਕਰਕੇ ਉਹਨਾਂ ਨੇ ਬਹੁਤ ਵੱਡੀ ਗਲਤੀ ਕੀਤੀ ਹੈ। ਬਾਬਾ ਅਮਰਦਾਸ ਜੀ ਨੇ ਪਿੰਡ ਦੇ ਜ਼ਿਮੀਂਦਾਰਾਂ ਨੂੰ ਕਿਹਾ ਕਿ ਉਹ ਤਪੇ ਨੂੰ ਜਿੱਥੇ-ਜਿੱਥੇ ਲੈ ਕੇ ਜਾਣਗੇ, ਉਥੇ-ਉਥੇ ਮੀਂਹ ਪਵੇਗਾ। ਇਸ ਬਚਨ ਦੀ ਪੁਸ਼ਟੀ ਹੋਣ ਤੋਂ ਬਾਅਦ ਪਖੰਡੀ ਤਪੇ ਦੀ ਖਿੱਚ-ਧੂਹ ਸ਼ੁਰੂ ਹੋ ਗਈ। ਜ਼ਿਮੀਂਦਾਰ ਜਿਸ ਖੇਤ ਵਿਚ ਤਪੇ ਨੂੰ ਲੈ ਕੇ ਜਾਂਦੇ, ਉਸੇ ਖੇਤ ਵਿਚ ਮੀਂਹ ਪੈਣਾ ਸ਼ੁਰੂ ਹੋ ਜਾਂਦਾ। ਹਰ ਕੋਈ ਤਪੇ ਨੂੰ ਖਿੱਚ ਕੇ ਆਪਣੇ ਖੇਤ ਵਿਚ ਲਿਜਾ ਰਿਹਾ ਸੀ। ਇਸ ਦੌਰਾਨ ਬਾਬਾ ਅਮਰਦਾਸ ਜੀ ਨੇ ਆਪਣੇ ਬਚਨ ਵਿਚ ਵਾਧਾ ਕਰਦੇ ਹੋਏ ਕਿਹਾ ਕਿ ਜਿਸ ਖੇਤ ਵਿਚ ਤਪੇ ਦੀ ਥਾਂ ਉਸਦੀਆਂ ਹੱਡੀਆਂ ਅਤੇ ਮਾਸ ਦੇ ਟੁਕੜੇ ਜਾਣਗੇ, ਉੱਥੇ ਵੀ ਮੀਂਹ ਪਵੇਗਾ। ਇਸ ਤੋਂ ਬਾਅਦ ਉਸ ਤਪੇ ਦੀ ਬੁਰੇ ਤਰੀਕੇ ਨਾਲ ਖਿੱਚ-ਧੂਹ ਹੋਣ ਲੱਗੀ ਜਿਸ ਕਾਰਨ ਤਪੇ ਦੇ ਸਾਰੇ ਅੰਗ ਅੱਡ-ਅੱਡ ਕਰਕੇ ਵੱਖ-ਵੱਖ ਖੇਤਾਂ ਵਿਚ ਖਿਲਾਰ ਦਿੱਤੇ ਗਏ। ਇਸ ਪ੍ਰਕਾਰ ਤਪੇ ਦੀ ਈਰਖਾ ਅਤੇ ਪਖੰਡ ਦੇ ਅੰਤ ਨਾਲ ਖਡੂਰ ਸਾਹਿਬ ਨਗਰ

ਵਿਚ ਮੀਂਹ ਦੀ ਸ਼ੁਰੂਆਤ ਹੋਈ। ਇਸ ਤੋਂ ਬਾਅਦ ਸਾਰੇ ਨਗਰ ਵਾਸੀ ਸ੍ਰੀ ਗੁਰੂ ਅੰਗਦ ਦੇਵ ਜੀ ਕੋਲ ਮਾਫੀ ਮੰਗਣ ਅਤੇ ਉਹਨਾਂ ਨੂੰ ਵਾਪਸ ਖਡੂਰ ਸਾਹਿਬ ਲੈ ਕੇ ਆਉਣ ਲਈ ਖਾਨ ਰਜ਼ਾਦਾ ਦੀ ਝਿੜੀ ਵਿਚ ਗਏ। ਪਰਮਾਤਮਾ ਦੇ ਹੁਕਮ ਵਿਚ ਵਿਘਨ ਪਾ ਕੇ ਆਪਣੇ ਬਚਨ ਦੀ ਸ਼ਕਤੀ ਵਿਖਾਉਣ ਕਾਰਨ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਬਾਬਾ ਅਮਰਦਾਸ ਜੀ ਤੋਂ ਮੂੰਹ ਮੋੜ ਲਿਆ ਪ੍ਰੰਤੂ ਵਾਰ-ਵਾਰ ਬੇਨਤੀ ਕਰਨ ’ਤੇ ਅਜਿਹਾ ਸਿੱਖ ਵਿਰੋਧੀ ਕਾਰਜ ਨਾ ਕਰਨ ਲਈ ਕਹਿ ਕੇ ਮਾਫ ਕਰ ਦਿੱਤਾ। ਇਸ ਪ੍ਰਕਾਰ ਗੁਰੂ ਨਿੰਦਕ ਤਪਾ ਆਪਣੇ ਕੁਕਰਮਾਂ ਕਾਰਨ ਭਿਆਨਕ ਮੌਤ ਨੂੰ ਪ੍ਰਾਪਤ ਹੋਇਆ ਅਤੇ ਗੁਰੂ ਸਾਹਿਬ ਦੀ ਅਜ਼ਮਤ ਪ੍ਰਤੱਖ ਰੂਪ ਵਿਚ ਸਾਹਮਣੇ ਆਈ।



ਤਪਾ ਭਯੋ ਬਜਾਕੁਲ ਤਿਸ ਕਾਲਾ। ਝਿਰਕ ਝਿਰਕ ਤਿਨ ਪਰਹਿ ਬਿਸਾਲਾ ॥੩੮॥
ਕਹਯੋ ਤਪੇ ਕੋ ਨਹਿਂ ਕੋ ਮਾਨਹਿ । ਨਿਜ ਕਿਦਾਰ ਢਿਗ ਸਭਿ ਸੋ ਆਨਹਿ॥
ਖੈਂਚਤਿ ਖੈਂਚਤਿ ਭਯੋ ਬਿਹਾਲਾ । ਬੋਲਨ ਤੇ ਥਕ ਰਯੋ ਨ ਚਾਲਾ ॥੩੯॥
ਜਬਿ ਚਲਿਬੇ ਤੇ ਹਟਿ ਸੋ ਰਹਿਊ। ਮੋਹਨ ਪਿਤਾ ਆਇ ਤਬਿ ਕਹਿਊ।
'ਮਾਸ ਅਸਥਿ ਜਹਿਂ ਜਹਿਂ ਲੈ ਜੈ ਹੋ । ਤਹਿਂ ਤਹਿਂ ਬਰਖਾ ਘਨਕੀ ਪੈ ਹੋ ॥ ੪੦ ॥
ਸੁਨਿਕੇ ਸਭਿਨਿ ਘਸੀਟਯੋ ਜਦਾ। ਨਿਕਸੇ ਪ੍ਰਾਨ ਭਯੋ ਹਤਿ ਤਦਾ।
ਰਹਿ ਬਰਖਾ ਬਿਨ ਖੇਤ ਹਮਾਰੇ। ਇਮ ਬੋਲਤਿ ਅਰ ਚਿੰਤ ਬਿਚਾਰੇ॥੪੧॥
-ਏਕ ਮਰੇ ਜੀਵਹਿ ਸਭਿ ਗਾਊਂ। ਯਾਂਤੇ ਤੋਰ ਲਿਏ ਕਰ ਪਾਊਂ।
ਆਪੋ ਅਪਨੇ ਖੇਤ ਪਧਾਰੇ। ਜਹਿਂ ਜਹਿੰਗੋ ਪਸਰਯੋ ਘਨ ਸਾਰੇ॥੪੨॥
ਤਪਾ ਮਰੇਤੇ ਇਕਰਸ ਬਾਰਿ। ਬਰਖਾ ਕੀਨਸਿ ਮੇਘ ਕਿਦਾਰਿ ।
-ਮਹਾਂ ਪਖੰਡੀ-ਸਭਿਹਿਨਿ ਜਾਨਯੋ । -ਦ੍ਵੈਸ਼ ਠਾਨਿ ਗੁਰ ਕੋ ਨਿਕਸਾਨਯੋ ॥ ੪੩ ।

-ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੧, ਅੰਸੂ ੨੩

## ਸਤਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ ॥

ਬਾਬਾ ਅਮਰਦਾਸ ਜੀ ਦੁਆਰਾ ਕੀਤੀ ਜਾਣ ਵਾਲੀ ਸੇਵਾ ਦੇ ਗਿਆਰਵੇਂ ਸਾਲ ਵਿਚ ਅਜਿਹੀ ਘਟਨਾ ਵਾਪਰੀ ਜਿਸ ਤੋਂ ਅਸੀਂ ਉਹਨਾਂ ਦੇ ਸਿੱਖੀ ਸਿਦਕ ਅਤੇ ਸੇਵਾ ਭਾਵਨਾ ਨੂੰ ਪ੍ਰਤੱਖ ਰੂਪ ਵਿਚ ਮਹਿਸੂਸ ਕਰ ਸਕਦੇ ਹਾਂ। ਉਸ ਸਾਲ ਇਕ ਦਿਨ ਜਦੋਂ ਬਾਬਾ ਅਮਰਦਾਸ ਜੀ ਬਿਆਸ ਦਰਿਆ ਤੋਂ ਜਲ ਭਰ ਕੇ ਖਡੂਰ ਸਾਹਿਬ ਵਾਪਸ ਜਾ ਰਹੇ ਸਨ ਤਾਂ ਮੀਂਹ ਦਾ ਮੌਸਮ ਹੋਣ ਕਾਰਨ ਰਸਤੇ ਵਿਚ ਉਹ ਇਕ ਜੁਲਾਹੇ ਦੀ ਤਾਣੀ ਬੁਣਨ ਵਾਲੀ ਕਿੱਲੀ ਨਾਲ ਠੁੱਡਾ ਲੱਗ ਕੇ ਡਿੱਗ ਪਏ ਪਰੰਤੂ ਜਲ ਵਾਲੀ ਗਾਗਰ ਸੰਭਾਲ ਲਈ। ਖੜਕਾ ਸੁਣ ਕੇ ਜੁਲਾਹੇ ਨੇ ਪੁੱਛਿਆ ਕਿ ਕੌਣ ਹੈ ਤਾਂ ਜੁਲਾਹੀ ਨੇ ਬਾਬਾ ਅਮਰਦਾਸ ਜੀ ਬਾਰੇ ਬਹੁਤ ਮੰਦੇ ਸ਼ਬਦ ਬੋਲਦੇ ਹੋਏ ਜਵਾਬ ਦਿੱਤਾ- 'ਹੋਣਾ ਉਹੀ ਅਮਰੂ ਨਿਥਾਵਾਂ, ਨਾ ਇਸ ਨੂੰ ਦਿਨੇ ਚੈਨ, ਨਾ ਰਾਤ ਨੂੰ। ਕੁੜਮਾਂ ਦੇ ਘਰ ਦੇ ਟੁਕੜੇ ਖਾਂਦਾ ਹੈ ਤੇ ਕੁੜਮਾਂ ਦਾ ਪਾਣੀ ਢੋਂਦਾ ਹੈ।' ਗੁਰੂ ਘਰ ਅਤੇ ਸੇਵਾ ਦੀ ਨਿੰਦਾ ਭਰੇ ਇਹ ਬੋਲ ਜਦੋਂ ਬਾਬਾ ਅਮਰਦਾਸ ਜੀ ਦੇ ਕੰਨੀ ਪਏ ਤਾਂ ਉਹਨਾਂ ਨੇ ਬਚਨ ਕੀਤਾ- 'ਮੈਂ ਨਿਥਾਵਾਂ ਨਹੀਂ। ਮੈਂ ਤਾਂ ਉਸ ਦੀ ਸ਼ਰਨ ਵਿਚ ਹਾਂ ਜੋ ਦੁਨੀਆਂ ਦਾ ਮਾਲਕ ਹੈ। ਤੂੰ ਕਮਲੀ ਹੈਂ ਜੋ ਇੰਵ ਸੋਚਦੀ ਹੇਂ।' ਇਸ ਪ੍ਰਕਾਰ ਉਹਨਾਂ ਨੇ ਲੋਕਾਂ ਤੋਂ ਆਪਣੇ ਬਾਰੇ ਅਨੇਕਾਂ ਬੋਲ-ਕੁਬੋਲ ਸੁਣਦੇ ਹੋਏ ਵੀ ਸੇਵਾ ਜਾਰੀ ਰੱਖੀ ਪਰ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰ ਬਾਰੇ ਮੰਦੇ ਬੋਲ ਨਾ ਸੁਣੇ।





ਮੰਦ ਮੰਦ ਬੂੰਦਨ ਗਿਰੋਂ ਪੁਨ ਪੰਕ ਸੁ ਯਾਂਤੇ ।
ਅਧਿਕ ਅੰਧੇਰੋ ਹੁਇ ਰਹਜਾ ਮਗ ਲਯੋ ਨ ਯਾਂਤੇ।
ਇਕ ਕਰੀਰ ਕੋ ਕਿਲਕ ਤਹਿ ਛਿਤਿ ਗਡਯੋ ਜੁਲਾਹੇ॥
ਚੀਰ ਬੁਨਹਿ ਤਿਸ ਬਾਂਧਿ ਕਰਿ ਕੁੰਭਲ ਪੁਨ ਮਾਂਹੇ ॥੫॥
ਆਏ ਜਬਿ ਸ਼੍ਰੀ ਅਮਰ ਤਹਿ ਪਗ ਕੀਲੇ ਲਾਗਾ ।
ਨਿਕਟ ਗਿਰੇ ਕੁੰਭਲ ਬਿਖੈ ਨਹਿ ਸੰਭਲਿ ਆਗਾ।
ਕਲਸ ਬਚਾਵਨਿ ਕਾਰਨੇ ਬਲ ਕੀਨ ਬਡੇਰਾ।
ਨੀਰ ਨ ਗਿਰਨੇ ਦੀਨ ਤਿਸੁ ਥੰਭਯੋ ਤਿਸ ਬੇਰਾ ॥੬॥
...ਪਰੀ ਜੁਲਾਹੀ ਸਦਨ ਮਹਿ ਅਰੁ ਹੁਤੋ ਜੁਲਾਹਾ॥
ਭਯੋ ਖੜਕ ਸੁਨਿ ਕੈ ਸ਼ਬਦ 'ਬਾਹਰ ਕੋ ਆਹਾ ? ॥੭॥
ਗਿਰਜੋ ਕੌਨ ਇਸ ਥਲ ਬਿਖੈ ਤਸਕਰ ਹੈ ਕੋਊ?।
ਕਿਧੌਂ ਅਪਰ ਮਾਨਵ ਅਹੈ? ਉੱਤਰ ਦਿਹੁ ਸੋਊ ।
...ਸੁਨਤਿ ਜੁਲਾਹੀ ਨੇ ਭਨਯੋ 'ਔਰ ਨ ਅਸ ਕੋਉ।
ਨਿਰਥਾਵਾਂ ਅਮਰੂ ਫਿਰਹਿ ਇਸ ਛਿਨ ਹ੍ਵੈ ਸੋਉ ॥ ੬॥
ਨਿਸ ਦਿਨ ਇਸਕੋ ਚੈਨ ਨਹਿੰ ਇਤ ਉਤ ਨਿਤ ਡੋਲੈ ।
ਖਾਇ ਪੇਟ ਨਿਤ ਭਰਤਿ ਹੈ ਕਿਹ ਸੋ ਨਹਿੰ ਬੋਲੈ ।
... ਸੁਨਿ ਬੋਲੇ ਸ਼੍ਰੀ ਅਮਰ ਜੀ ਮੈਂ ਨਹੀਂ ਨਿਥਾਵਾਂ।
ਸੇਵਜੋ ਸਤਿਗੁਰ ਸਭਿ ਬਡੋ ਸ਼ੁਭ ਸ਼ੁਭਤਿ ਸੁਭਾਵਾਂ ।
ਤੂੰ ਕਮਲੀ ਹੁਇ ਕਹਤਿ ਹੈਂ ਬੁਧਿ ਰਿਦੈ ਨ ਕੋਈ॥
ਨਹੀਂ ਮਹਾਤਮ ਕੋ ਲਖਯੋ ਦਾਤਾ ਜਗ ਜੋਈ॥੧੧

-ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੧, ਅੰਸੂ ੧੭

# ਨਿਥਾਵਿਆਂ ਦੇ ਥਾਵ

ਜੁਲਾਹੇ ਦੇ ਘਰ ਠੇਡਾ ਲੱਗਣ ਵਾਲੀ ਘਟਨਾ ਦੀ ਰਾਤ ਤੋਂ ਅਗਲੇ ਦਿਨ ਬਾਬਾ ਅਮਰਦਾਸ ਜੀ ਦੁਆਰਾ ਸਹਜ ਸੁਭਾਇ ਕੀਤੇ ਗਏ ਬਚਨਾਂ ਨਾਲ ਕਮਲੀ ਹੋਈ ਜੁਲਾਹੀ ਨੂੰ ਜਦੋਂ ਜੁਲਾਹਾ ਗੁਰੂ ਦਰਬਾਰ ਵਿਚ ਲੈ ਕੇ ਪੁੱਜਿਆ ਤਾਂ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਸਾਰੀ ਵਾਰਤਾ ਦੱਸੀ ਗਈ। ਗੁਰੂ ਸਾਹਿਬ ਦੀ ਕਿਰਪਾ ਦ੍ਰਿਸ਼ਟੀ ਦੁਆਰਾ ਉਸ ਜੁਲਾਹੀ ਦੀ ਅਵਸਥਾ ਠੀਕ ਹੋ ਗਈ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਜਦੋਂ ਬਾਬਾ ਅਮਰਦਾਸ ਜੀ ਵੱਲ ਵੇਖਿਆ ਤਾਂ ਬਾਬਾ ਜੀ ਨੇ ਕਿਹਾ- 'ਸੱਚੇ ਪਾਤਸ਼ਾਹ, ਇਹ ਸੱਚ ਹੈ ਕਿ ਜਦ ਇਸ ਨੇ ਗੁਰੂ ਦੇ ਦਰ ਅਤੇ ਸੇਵਾ ਦੀ ਨਿੰਦਾ ਕੀਤੀ ਤਾਂ ਮੇਰੇ ਤੋਂ ਰਿਹਾ ਨਾ ਗਿਆ ਅਤੇ ਅਜਿਹਾ ਬੋਲਿਆ ਗਿਆ। ਉਂਞ ਮੈਂ ਉਸ ਸਮੇਂ ਤੱਕ ਨਿਥਾਵਾਂ ਹੀ ਹਾਂ ਜਦ ਤੱਕ ਆਤਮ ਰੂਪ ਨੂੰ ਨਹੀਂ ਪ੍ਰਾਪਤ ਕਰ ਲੈਂਦਾ। ਗੁਰੂ ਦੀ ਨੂਰਾਨੀ ਧਰਤੀ (ਹਿਰਦਾ) ਸੰਸਾਰ ਦੇ ਹਾਲਾਤ ਪ੍ਰਗਟਾਉਣ ਵਾਲਾ ਸ਼ੀਸ਼ਾ ਹੈ। ਇਸ ਲਈ ਤੁਹਾਡੇ ਸਾਹਮਣੇ ਮੈਨੂੰ ਆਪਣਾ ਹਾਲ ਬੋਲ ਕੇ ਸੁਣਾਉਣ ਦੀ ਕੀ ਲੋੜ ਹੈ।' ਬਾਬਾ ਅਮਰਦਾਸ ਜੀ ਦੇ ਮੂੰਹੋਂ ਅਜਿਹੇ ਬਚਨ ਸੁਣ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਪ੍ਰਸੰਨ ਹੋ ਕੇ ਉਹਨਾਂ ਨੂੰ 12 ਵਰ ਬਖਸ਼ਿਸ਼ ਕੀਤੇ ਜੋ ਇਸ ਪ੍ਰਕਾਰ ਹਨ-

• ਨਿਥਾਵਿਆਂ ਦੇ ਥਾਂ • ਨਿਮਾਣਿਆਂ ਦੇ ਮਾਣ • ਨਿਓਟਿਆਂ ਦੀ ਓਟ

• ਨਿਧਰਿਆਂ ਦੀ ਧਿਰ • ਨਿਜੋਰਿਆਂ ਦੇ ਜ਼ੋਰ • ਤੁਹਾਡੇ ਬਰਾਬਰ ਹੋਰ ਕੋਈ ਨਹੀਂ

• ਅਧੀਰਜਾਂ ਨੂੰ ਧੀਰਜ ਦੇਣ ਵਾਲੇ • ਸਾਰੇ ਅਧਿਆਤਮਿਕ ਪੁਰਖਾਂ ਵਿੱਚੋਂ ਸਭ ਤੋਂ ਵੱਡੇ ਪੁਰਖ

• ਗਈ ਨੂੰ ਦੁਬਾਰਾ ਮੋੜ ਲੈਣ ਵਾਲੇ • ਫਸੇ ਹੋਏ ਮਨੁੱਖਾਂ ਨੂੰ ਛੁਡਾਉਣ ਵਾਲੇ

• ਸਭ ਕੁਝ ਘੜਨ ਤੇ ਭੰਨਣ ਦੇ ਸਮਰੱਥ • ਸਾਰੇ ਜਗਤ ਦੀ ਰੋਜੀ ਤੁਹਾਡੇ ਹੱਥ ਵਿਚ ਹੈ।

ਇਹ ਵਰ ਦੇ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਬਾਬਾ ਅਮਰਦਾਸ ਜੀ ਨੂੰ ਆਪਣੇ ਗਲ ਨਾਲ ਲਾ ਕੇ ਕਿਹਾ- 'ਜਿਵੇਂ ਗੰਗਾ ਵਿਚ ਮਿਲ ਕੇ ਨਦੀ ਗੰਗਾ ਦਾ ਰੂਪ ਹੋ ਜਾਂਦੀ ਹੈ ਉਸੇ ਪ੍ਰਕਾਰ ਤੁਸੀਂ ਮੇਰਾ ਹੀ ਰੂਪ ਹੋ। ਤੁਹਾਡੇ ਤੇ ਮੇਰੇ ਵਿਚ ਕੋਈ ਫਰਕ ਨਹੀਂ।' ਸ੍ਰੀ ਗੁਰੂ ਅੰਗਦ ਦੇਵ ਜੀ ਦੇ ਇਹ ਕਥਨ ਭਵਿੱਖ ਵਿਚ ਬਾਬਾ ਅਮਰਦਾਸ ਜੀ ਨੂੰ ਗੁਰਿਆਈ ਦੀ ਬਖਸ਼ਿਸ਼ ਪ੍ਰਦਾਨ ਕਰਨ ਦਾ ਸੰਕੇਤ ਸਨ।



'ਤੁਮਹੋ ਨਿਥਾਵਨ ਥਾਨ । ਕਰਿ ਹੋ ਨਿਮਾਨਹਿਂ ਮਾਨ' ।
ਬਿਨ ਓਟ ਕੀ ਤੁਮ ਓਟ । ਨਿਧਰੇਨ ਕੀ ਧਿਰ ਕੋਟ ॥੨੩॥
ਬਿਨ ਜੋਰ ਕੇ ਤੁਮ ਜੋਰ। ਸਮ ਕੋ ਨ ਹੈ ਤੁਮ ਹੋਰ।
ਬਿਨ ਧੀਰ ਕੋ ਬਰ ਧੀਰ। ਸਭਿ ਪੀਰ ਕੇ ਬਡ ਪੀਰ ॥੨੪॥
ਤੁਮ ਹੋ ਸੁ ਗਈ ਬਹੋੜ॥ ਨਰ ਬੰਧ ਕੋ ਤਿਹ ਛੋੜ॥
ਘੜ ਭੰਨਿਬੇ ਸਮਰੱਥ।ਜਗ ਜੀਵਕਾ ਤੁਮ ਹੱਥ ॥੨੫॥
ਬਰ ਦੀਨ ਦ੍ਵਾਦਸ਼ ਹੇਰ। ਸੁ ਪ੍ਰਸੰਨ ਹੋਇ ਬਡੇਰ।
ਗਰ ਸੰਗ ਲਾਵਨ ਕੀਨਿ । ਪੁਲਕਾਇ ਪ੍ਰੇਮ ਪ੍ਰਬੀਨ ॥੨੬॥
ਮਮ ਰੂਪ ਭੇ ਮਿਲਿ ਅੰਗ। ਸਲਿਤਾ ਮਿਲੇ ਜਿਮਿ ਗੰਗ।
ਜਿਮਿ ਬੂੰਦ ਸਿੰਧੁ ਮਝਾਰ॥ ਤਿਮ ਏਕ ਰੂਪ ਹਮਾਰ ॥੨੭

-ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੧, ਅੰਸੂ ੧੭

## ਗੋਬਿੰਦ ਵਾਲੁ ਗੋਬਿੰਦ ਪੁਰੀ ਸਮ ਜਲੵਨ ਤੀਰਿ ਬਿਪਾਸ ਬਨਾਯਉ ॥

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਹੁਕਮ ਅਨੁਸਾਰ ਬਾਬਾ ਅਮਰਦਾਸ ਜੀ ਨੇ ਬਿਆਸ ਦਰਿਆ ਦੇ ਕੰਢੇ ਗੋਇੰਦਵਾਲ ਨਗਰ ਦੀ ਸਥਾਪਨਾ ਕੀਤੀ। ਇਸ ਨਗਰ ਦੀ ਜ਼ਮੀਨ ਗੋਇੰਦ ਨਾਮ ਦੇ ਮਰਵਾਹੇ ਖੱਤਰੀ ਦੀ ਸੀ ਜਿਸ ਸੰਬੰਧੀ ਉਸ ਦਾ ਆਪਣੇ ਸ਼ਰੀਕਾਂ ਨਾਲ ਝਗੜਾ ਚਲ ਰਿਹਾ ਸੀ। ਇਸ ਜ਼ਮੀਨ ਦਾ ਫੈਸਲਾ ਆਪਣੇ ਹੱਕ ਵਿਚ ਹੋਣ ’ਤੇ ਉਸ ਨੇ ਆਪਣੀ ਅੱਧੀ ਜ਼ਮੀਨ ਗੁਰੂ ਘਰ ਦੇ ਨਾਮ ਅਰਦਾਸ ਕਰਵਾਈ। ਆਪਣੀ ਅੱਧੀ ਜ਼ਮੀਨ ਵਿਚ ਗੋਇੰਦ ਮਰਵਾਹਾ, ਸ਼ਰੀਕਾਂ ਦੇ ਝਗੜੇ ਅਤੇ ਗੈਬੀ ਤਾਕਤਾਂ ਦੇ ਡਰ ਕਾਰਨ ਵਸੇਬਾ ਕਰਨ ਤੋਂ ਅਸਮਰੱਥ ਸੀ। ਇਸ ਲਈ ਉਸ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਇਸ ਜ਼ਮੀਨ ਵਿਚ ਨਵਾਂ ਨਗਰ ਵਸਾਉਣ ਦੀ ਬੇਨਤੀ ਕੀਤੀ। ਸ੍ਰੀ ਗੁਰੂ ਅੰਗਦ ਦੇਵ ਜੀ ਦੇ ਹੁਕਮ ਅਨੁਸਾਰ ਬਾਬਾ ਅਮਰਦਾਸ ਜੀ ਨੇ ਗੁਰੂ ਸਾਹਿਬ ਦੀ ਬਖਸ਼ੀ ਹੋਈ ਛੜੀ ਨਾਲ ਨਿਸ਼ਾਨ ਲਗਾ ਕੇ ਜਪੁਜੀ ਸਾਹਿਬ ਦਾ ਪਾਠ ਕਰਦੇ ਹੋਏ ਨਗਰ ਦੀ ਉਸਾਰੀ ਆਰੰਭ ਕਰਵਾਈ। ਦਿਨਾਂ ਵਿਚ ਹੀ ਨਗਰ ਵਸਣਾ ਆਰੰਭ ਹੋ ਗਿਆ। ਬਿਆਸ ਦਰਿਆ ਦਾ ਪੱਤਣ ਨੇੜੇ ਲੱਗਣ ਕਾਰਨ ਇਹ ਨਗਰ ਵਪਾਰਕ ਕੇਂਦਰ ਵਜੋਂ ਵੀ ਵਿਕਸਿਤ ਹੋਇਆ ਅਤੇ ਸਿੱਖੀ ਪ੍ਰਚਾਰ ਦਾ ਇਕ ਵੱਡਾ ਕੇਂਦਰ ਬਣ ਕੇ ਉਭਰਿਆ। ਗੁਰੂ ਬਣਨ ਤੋਂ ਬਾਅਦ ਇਸ ਨਗਰ ਵਿਚ ਸ੍ਰੀ ਗੁਰੂ ਅਮਰਦਾਸ ਜੀ ਨੇ 1556 ਈ. ਵਿਚ ਬਾਉਲੀ ਦੀ ਉਸਾਰੀ ਵੀ ਆਰੰਭ ਕਰਵਾਈ ਅਤੇ ਵਰ ਦਿੱਤਾ ਕਿ ਇਸ ਬਾਉਲੀ ਦੀਆਂ ਪੌੜੀਆਂ ’ਤੇ ਜਪੁ ਜੀ ਸਾਹਿਬ ਦੇ 84 ਪਾਠ ਕਰਨ ਨਾਲ 84 ਜੂਨਾਂ ਕੱਟੀਆਂ ਜਾਣਗੀਆਂ। ਭਾਈ ਪਾਰੋ ‘ਪਰਮਹੰਸ’ ਜੀ ਦੀ ਬੇਨਤੀ ਪ੍ਰਵਾਨ ਕਰਦੇ ਹੋਏ ਸ੍ਰੀ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਸਾਹਿਬ ਵਿਖੇ ਵਿਸਾਖੀ ਵਾਲੇ ਦਿਨ ਦੂਰ-ਦੁਰਾਡੇ ਦੀ ਸੰਗਤ ਨੂੰ ਸਾਲ ਵਿਚ ਇਕ ਵਾਰ ਗੋਇੰਦਵਾਲ ਸਾਹਿਬ ਇਕੱਤਰ ਹੋਣ ਦਾ ਹੁਕਮ ਕੀਤਾ ਅਤੇ ਗੋਇੰਦਵਾਲ ਸਾਹਿਬ ਵਿਖੇ ਵਿਸਾਖੀ ਦੇ ਦਿਹਾੜੇ ’ਤੇ ਸਿੱਖ ਸੰਗਤ ਦੇ ਇਕੱਤਰ ਹੋਣ ਦੀ ਆਰੰਭਤਾ ਹੋਈ। ਇਸ ਪ੍ਰਕਾਰ ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਵਸਾਇਆ ਹੋਇਆ ਗੋਇੰਦਵਾਲ ਸਾਹਿਬ ਸਿੱਖੀ ਦੀ ਰਹਿਮਤਾਂ ਵਾਲਾ ਅਸਥਾਨ ਬਣ ਗਿਆ।

***



ਗੋਇੰਦਵਾਲ ਸਾਹਿਬ ਵਿਚ ਮੌਜੂਦ ਬਾਉਲੀ ਸਾਹਿਬ ਦੀ 1930 ਈ. ਵਿਚ ਖਿੱਚੀ ਗਈ ਇਕ ਤਸਵੀਰ

ਰਚੀ ਚੁਰਾਸੀ ਜਿਹ ਸੌਪਾਨ। ਗਿਨਿ ਜਬਿ ਦੇਖੀ ਕ੍ਰਿਪਾ ਨਿਧਾਨ ।
ਮੁਖ ਤੇ ਬਾਕ ਕਹਯੋ ਤਿਸਿ ਕਾਲ। 'ਜੋ ਸਿਖ ਦਰਸਹਿ ਪ੍ਰੇਮ ਬਿਸਾਲ ॥੪॥
ਬਾਰਿ ਚੁਰਾਸੀ ਕਰਹਿ ਸ਼ਨਾਨ। ਇਤਨੇ ਜਪੁਜੀ ਪਾਠ ਬਖਾਨਿ ।
ਸਤਿਗੁਰ ਮੂਰਤਿ ਕਰਿਕੇ ਧਜਾਨ । ਮਿਟਹਿ ਚੁਰਾਸੀ ਆਵਨਿ ਜਾਨਿ॥੫॥
ਜਯੋਂ ਕਯੋਂ ਪਾਇ ਭਗਤਿ ਗੁਰ ਕੇਰੀ। ਮਿਟਹਿ ਜੂਨ ਤਿਹ ਭ੍ਰਮਨ ਕੁਫੇਰੀ।
ਅਪਰ ਮਨੋਰਥ ਧਰਿ ਕਰਿ ਨ੍ਹਾਵੈ । ਸ਼ਰਧਾ ਧਰੈ ਤੁਰਤ ਸੋ ਪਾਵੈ ॥੬॥

-ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੧, ਅੰਸੂ ੫੮

## ਪੀਊ ਦਾਦੇ ਜੇਵਿਹਾ ਪੋਤਾ ਪਰਵਾਣੁ ॥

ਲਗਾਤਾਰ 12 ਵਰ੍ਹਿਆਂ ਦੀ ਕਠਿਨ ਘਾਲਣਾ ਅਤੇ ਅਣਥੱਕ ਸੇਵਾ ਦਾ ਫਲ ਬਾਬਾ ਅਮਰਦਾਸ ਜੀ ਨੂੰ ਸ੍ਰਿਸ਼ਟੀ ਦੇ ਨਾਯਾਬ ਖਜ਼ਾਨੇ ਦੇ ਰੂਪ ਵਿਚ ਪ੍ਰਾਪਤ ਹੋਇਆ। ਇਹ ਨਾਯਾਬ ਖਜ਼ਾਨਾ ਸੀ- ਸ੍ਰੀ ਗੁਰੂ ਅੰਗਦ ਦੇਵ ਜੀ ਦੁਆਰਾ ਗੁਰਿਆਈ ਦੀ ਬਖਸ਼ਿਸ਼। ਅਸਲ ਵਿਚ ਉਹ ਧੁਰ ਦਰਗਾਹੋਂ ਹੀ ਗੁਰਗੱਦੀ ਦੇ ਪਾਤਰ ਸਨ। ਉਹਨਾਂ ਦੁਆਰਾ ਕੀਤੀ ਗਈ ਸੇਵਾ ਨੂੰ, ਅਸੀਂ ਸਿੱਖਾਂ ਨੂੰ ਸਿਖਾਏ ਜਾਣ ਵਾਲੇ ਸਿੱਖੀ ਦੇ ਸਬਕ ਵਜੋਂ ਵੇਖ ਸਕਦੇ ਹਾਂ। ਦਾਤੂ ਜੀ ਅਤੇ ਦਾਸੂ ਜੀ ਦੇ ਗੁਰੂ ਪੁੱਤਰ ਹੋਣ ਦੇ ਅਹੰਕਾਰ ਦੇ ਮੁਕਾਬਲੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਬਾਬਾ ਅਮਰਦਾਸ ਜੀ ਦੀ ਨਿਮਰਤਾ ਅਤੇ ਸੇਵਾ ਭਾਵਨਾ ਨੂੰ ਪ੍ਰਵਾਨ ਕੀਤਾ। ਬਾਬਾ ਅਮਰਦਾਸ ਜੀ ਨੂੰ ਗੁਰਿਆਈ ਦੀ ਬਖਸ਼ਿਸ਼ ਹੋਣ ਬਾਰੇ ਪਤਾ ਲੱਗਣ 'ਤੇ ਉਹਨਾਂ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਬੇਨਤੀ ਕੀਤੀ ਕਿ ਉਹ ਉਹਨਾਂ ਨੂੰ ਟਹਿਲੀਆ (ਸੇਵਕ) ਹੀ ਰਹਿਣ ਦੇਣ ਤਾਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕਿਹਾ ਕਿ ਹੋਰ ਕੋਈ ਪੰਡ ਚੁੱਕਣ ਜੋਗਾ ਨਹੀਂ ਡਿੱਠਾ (ਗੁਰਿਆਈ ਦੀ ਜ਼ਿੰਮੇਵਾਰੀ ਨਿਭਾਉਣ ਵਾਲਾ)। ਚੇਤ ਸੁਦੀ ਚਾਰ, ਸੰਮਤ ੧੬੦੯ (1552 ਈ.) ਦੇ ਇਤਿਹਾਸਕ ਦਿਨ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਬਾਬਾ ਅਮਰਦਾਸ ਜੀ ਨੂੰ ਸੰਗਤ ਦੀ ਹਾਜ਼ਰੀ ਵਿਚ ਆਪ ਮੱਥਾ ਟੇਕ ਕੇ ਗੁਰਿਆਈ ਦੀ ਬਖਸ਼ਿਸ਼ ਕੀਤੀ। ਬਾਬਾ ਬੁੱਢਾ ਜੀ ਨੇ ਗੁਰਿਆਈ ਦਾ ਤਿਲਕ ਲਗਾਇਆ ਅਤੇ ਸਾਰੀ ਸੰਗਤ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਬੰਦਨਾ ਕੀਤੀ। ਇਸ ਦਿਨ ਤੋਂ ਬਾਅਦ ਬਾਬਾ ਅਮਰਦਾਸ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਤੀਸਰੇ ਰਹਿਬਰ, ਸ੍ਰੀ ਗੁਰੂ ਅਮਰਦਾਸ ਜੀ ਵਜੋਂ ਸਥਾਪਿਤ ਹੋਏ। ਇਸ ਪ੍ਰਕਾਰ ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਅੰਗਦ ਦੇਵ ਜੀ ਦਾ ਰੂਪ ਹੋ ਗਏ ਜਿਵੇਂ ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਇਕ ਰੂਪ ਹੋ ਗਏ ਸਨ।

***



ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ ॥ ਪਿਯੂ ਦਾਦੇ ਜੇਵਿਹਾ ਪੋਤਾ ਪਰਵਾਣੁ ॥

ਜਿਨਿ ਬਾਸਕੁ ਨੇਤ੍ਰੈ ਘਤਿਆ ਕਰਿ ਨੇਹੀ ਤਾਣੁ ॥ ਜਿਨਿ ਸਮੁੰਦੁ ਵਿਰੋਲਿਆ ਕਰਿ ਮੇਰੁ ਮਧਾਣੁ ॥

ਚਉਦਹ ਰਤਨ ਨਿਕਾਲਿਅਨੁ ਕੀਤੋਨੁ ਚਾਨਾਣੁ ॥ ਘੋੜਾ ਕੀਤੋ ਸਹਜ ਦਾ ਜਤੁ ਕੀਓ ਪਲਾਣੁ ॥

ਧਣਖੁ ਚੜਾਇਓ ਸਤ ਦਾ ਜਸ ਹੰਦਾ ਬਾਣੁ ॥ ਕਲਿ ਵਿਚਿ ਧੂ ਅੰਧਾਰੁ ਸਾ ਚੜਿਆ ਰੈ ਭਾਣੁ ॥

ਸਤਹੁ ਖੇਤੁ ਜਮਾਇਓ ਸਤਹੁ ਛਾਵਾਣੁ ॥ ਨਿਤ ਰਸੋਈ ਤੇਰੀਐ ਘਿਉ ਮੈਦਾ ਖਾਣੁ ॥

ਚਾਰੇ ਕੁੰਡਾਂ ਸੁਝੀਓਸੁ ਮਨ ਮਹਿ ਸਬਦੁ ਪਰਵਾਣੁ ॥ ਆਵਾ ਗਉਣੁ ਨਿਵਾਰਿਓ ਕਰਿ ਨਦਰਿ ਨੀਸਾਣੁ॥

ਅਉਤਰਿਆ ਅਉਤਾਰੁ ਲੈ ਸੋ ਪੁਰਖੁ ਸੁਜਾਣੁ ॥ ਝਖੜਿ ਵਾਉ ਨ ਡੋਲਈ ਪਰਬਤੁ ਮੇਰਾਣੁ ॥

ਜਾਣੈ ਬਿਰਥਾ ਜੀਅ ਕੀ ਜਾਣੀ ਹੂ ਜਾਣੁ ॥ ਕਿਆ ਸਾਲਾਹੀ ਸਚੇ ਪਾਤਿਸਾਹ ਜਾਂ ਤੂ ਸੁਘੜੁ ਸੁਜਾਣੁ ॥

ਦਾਨੁ ਜਿ ਸਤਿਗੁਰ ਭਾਵਸੀ ਸੋ ਸਤੇ ਦਾਣੁ ॥ ਨਾਨਕ ਹੰਦਾ ਛਤ੍ਰੁ ਸਿਰਿ ਉਮਤਿ ਹੈਰਾਣੁ ॥

ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ ॥ ਪਿਯੂ ਦਾਦੇ ਜੇਵਿਹਾ ਪੋਤ੍ਰਾ ਪਰਵਾਣੁ ॥੬॥

-ਰਾਮਕਲੀ ਕੀ ਵਾਰ, ਸ੍ਰੀ ਗੁਰੂ ਗ੍ਰੰਥ ਸਾਹਿਬ - ਅੰਗ ੯੬੮

***

ਚਰਣ ਤ ਪਰ ਸਕਯਥ ਚਰਣ ਗੁਰ ਅਮਰ ਪਵਲਿ ਰਯ ॥
ਹਥ ਤ ਪਰ ਸਕਯਥ ਹਥ ਲਗਹਿ ਗੁਰ ਅਮਰ ਪਯ ॥
ਜੀਹ ਤ ਪਰ ਸਕਯਥ ਜੀਹ ਗੁਰ ਅਮਰੁ ਭਣਿਜੈ ॥
ਨੈਣ ਤ ਪਰ ਸਕਯਥ ਨਯਣਿ ਗੁਰੁ ਅਮਰੁ ਪਿਖਿਜੈ ॥
ਸ੍ਰਵਣ ਤ ਪਰ ਸਕਯਥ ਸ੍ਰਵਣਿ ਗੁਰੁ ਅਮਰੁ ਸੁਣਿਜੈ ॥
ਸਕਯਥੁ ਸੁ ਹੀਉ ਜਿਤੁ ਹੀਅ ਬਸੈ ਗੁਰ ਅਮਰਦਾਸੁ ਨਿਜ ਜਗਤ ਪਿਤ ॥
ਸਕਯਥੁ ਸੁ ਸਿਰੁ ਜਾਲਪੁ ਭਣੈ ਜੁ ਸਿਰੁ ਨਿਵੈ ਗੁਰ ਅਮਰ ਨਿਤ ॥੧॥੧੦॥

ਸਵਈਏ ਮਹਲੇ ਤੀਜੇ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ - ਅੰਗ ੧੩੯੪

***

ਉਹੀ ਚਰਨ ਚੰਗੀ ਤਰ੍ਹਾਂ ਸਕਾਰਥੇ ਹਨ, ਜੋ ਚਰਨ ਸ੍ਰੀ ਗੁਰੂ ਅਮਰਦਾਸ ਜੀ ਦੇ ਰਾਹ 'ਤੇ ਤੁਰਦੇ ਹਨ।
ਉਹੀ ਹੱਥ ਸਫਲੇ ਹਨ, ਜੋ ਹੱਥ ਸ੍ਰੀ ਗੁਰੂ ਅਮਰਦਾਸ ਜੀ ਦੇ ਚਰਨਾਂ ’ਤੇ ਲੱਗਦੇ ਹਨ।
ਉਹੀ ਜੀਭ ਸਕਾਰਥੀ ਹੈ, ਜੋ ਸ੍ਰੀ ਗੁਰੂ ਅਮਰਦਾਸ ਜੀ ਨੂੰ ਸਲਾਹੁੰਦੀ ਹੈ।
ਉਹੀ ਅੱਖਾਂ ਸਫਲ ਹਨ ਜਿਹਨਾਂ ਅੱਖਾਂ ਨਾਲ ਸ੍ਰੀ ਗੁਰੂ ਅਮਰਦਾਸ ਜੀ ਨੂੰ ਵੇਖੀਏ।
ਉਹੀ ਕੰਨ ਸਫਲ ਹਨ, ਜਿਹਨਾਂ ਕੰਨਾਂ ਨਾਲ ਸ੍ਰੀ ਗੁਰੂ ਅਮਰਦਾਸ ਜੀ ਦੀ ਸੋਭਾ ਸੁਣੀ ਜਾਂਦੀ ਹੈ।
ਉਹੀ ਹਿਰਦਾ ਸਕਾਰਥਾ ਹੈ, ਜਿਸ ਹਿਰਦੇ ਵਿਚ ਜਗਤ ਦਾ ਪਿਤਾ ਪਿਆਰਾ ਸ੍ਰੀ ਗੁਰੂ ਅਮਰਦਾਸ ਜੀ ਵੱਸਦਾ ਹੈ।
ਜਾਲਪ ਕਵੀ ਆਖਦਾ ਹੈ ਕਿ ਉਹੀ ਸਿਰ ਸਫਲ ਹੈ, ਜੋ ਸਿਰ ਸਦਾ ਸ੍ਰੀ ਗੁਰੂ ਅਮਰਦਾਸ ਜੀ ਦੇ ਅੱਗੇ ਨਿਊਂਦਾ ਹੈ।

***



## ਭੂਲੇ ਸਿਖ ਗੁਰੂ ਸਮਝਾਏ ॥

ਭਾਈ ਸਾਵਣ ਮੱਲ, ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਥਾਪੇ ਗਏ 22 ਮੰਜੀਦਾਰਾਂ ਵਿਚ ਸ਼ਾਮਿਲ ਗੁਰਸਿੱਖ ਸਨ ਜਿਹਨਾਂ ਨੂੰ ਗੁਰੂ ਜੀ ਨੇ ਹਰੀਪੁਰ ਨਾਮਕ ਪਹਾੜੀ ਰਿਆਸਤ ਵਿਚ ਇਮਾਰਤੀ ਲੱਕੜਾਂ ਲੈਣ ਲਈ ਭੇਜਿਆ। ਗੁਰੂ ਜੀ ਨੇ ਉਹਨਾਂ ਨੂੰ ਆਪਣੇ ਦਰ ਤੋਂ ਬਖਸ਼ਿਸ਼ ਕਰਦੇ ਹੋਏ ਇਕ ਰੁਮਾਲ ਵੀ ਪ੍ਰਦਾਨ ਕੀਤਾ। ਹਰੀਪੁਰ ਦੇ ਰਾਜੇ ਨੇ ਭਾਈ ਸਾਵਣ ਮੱਲ ਦੀ ਸਿੱਖੀ ਤੋਂ ਪ੍ਰਭਾਵਿਤ ਹੋ ਕੇ ਸਿੱਖੀ ਮਾਰਗ ਵਿਚ ਪ੍ਰਵੇਸ਼ ਕੀਤਾ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਲਈ ਪਰਿਵਾਰ ਸਮੇਤ ਗੋਇੰਦਵਾਲ ਸਾਹਿਬ ਆਇਆ। ਗੁਰੂ ਸਾਹਿਬ ਦੁਆਰਾ ਪ੍ਰਾਪਤ ਬਖਸ਼ਿਸ਼ਾਂ ਦੀ ਬਦੌਲਤ ਭਾਈ ਸਾਵਣ ਮੱਲ ਦੀ ਸਿੱਧੀਆਂ ਕਾਰਨ ਉਹਨਾਂ ਦਾ ਰਿਆਸਤ ਵਿਚ ਬਹੁਤ ਸਤਿਕਾਰ ਹੋਣ ਲੱਗਿਆ। ਅਜਿਹੀ ਹਾਲਤ ਵਿਚ ਭਾਈ ਸਾਵਣ ਮੱਲ ਰਿਧੀਆਂ-ਸਿੱਧੀਆਂ ਦੇ ਭਰਮ ਜਾਲ ਵਿਚ ਪੈ ਕੇ ਗੁਰੂ ਬਖਸ਼ਿਸ਼ ਨੂੰ ਭੁੱਲ ਗਏ ਅਤੇ ਆਪਣੇ ਸਿੱਖੀ ਚਲਾਉਣ ਲੱਗ ਪਏ। ਉਹਨਾਂ ਨੇ ਲੋਕਾਂ ਵਿਚ ਆਪਣੀ ਸ਼ਕਤੀ ਦਾ ਡਰ ਕਾਇਮ ਕਰ ਲਿਆ। ਉਹਨਾਂ ਦਾ ਇਹ ਅਹੰਕਾਰ ਇਨਾ ਵੱਧ ਗਿਆ ਕਿ ਜਦੋਂ ਸ੍ਰੀ ਗੁਰੂ ਅਮਰਦਾਸ ਜੀ ਦਾ ਭੇਜਿਆ ਹੋਇਆ ਮੇਵੜਾ ਉਹਨਾਂ ਨੂੰ ਬੁਲਾਉਣ ਆਇਆ ਤਾਂ ਉਹਨਾਂ ਨੇ ਮੇਵੜੇ ਨੂੰ ਕਹਿ ਦਿੱਤਾ ਕਿ ਗੁਰੂ ਜੀ ਨੇ ਰੁਮਾਲ ਹੀ ਤਾਂ ਦਿੱਤਾ ਸੀ, ਉਹ ਵਾਪਸ ਲੈ ਜਾ। ਸਿੱਖ ਦੇ ਰੁਮਾਲ ਵਾਪਸ ਲਿਆਉਣ ਤੋਂ ਬਾਅਦ ਗੁਰੂ ਦੀਆਂ ਬਖਸ਼ਿਸ਼ਾਂ ਰਾਹੀਂ ਪ੍ਰਾਪਤ ਸਭ ਸ਼ਕਤੀਆਂ ਦਾ ਪ੍ਰਭਾਵ ਖਤਮ ਹੋ ਗਿਆ। ਆਖਰ ਭਾਈ ਸਾਵਣ ਮੱਲ ਝਿਜਕਦੇ ਹੋਏ ਗੋਇੰਦਵਾਲ ਸਾਹਿਬ ਆਏ ਅਤੇ ਲੰਗਰ ਦੀ ਸੇਵਾ ਕਰਨ ਲੱਗੇ। ਜਦੋਂ ਮਨ ਸਾਫ ਹੋਇਆ ਤਾਂ ਸ੍ਰੀ ਗੁਰੂ ਅਮਰਦਾਸ ਜੀ ਨੇ ਪਿਛਲੀਆਂ ਭੁੱਲਾਂ ਮਾਫ ਕਰਦੇ ਹੋਏ ਦੁਬਾਰਾ ਬਰਕਤਾਂ ਬਖਸ਼ ਕੇ, ਪਹਾੜੀ ਖੇਤਰਾਂ ਵੱਲ ਸਿੱਖੀ ਦੇ ਪ੍ਰਚਾਰ ਲਈ ਭੇਜਿਆ। ਇਸ ਪ੍ਰਕਾਰ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਨਦਰਿ ਦੁਆਰਾ ਅਹੰਕਾਰ ਵਿਚ ਗ੍ਰਸਤ ਸਿੱਖ ਨੂੰ ਸਿੱਖੀ ਦੇ ਮਾਰਗ ਦੀ ਪੁਨਰ ਸੋਝੀ ਕਰਵਾਈ।

***



ਪੁਨ ਸਤਿਗੁਰ ਕੇ ਦਰਸ਼ਨ ਕਾਰਨ ਕੁਛਕ ਲਾਜ ਜੁਤਿ ਗਮਨਯੋ ਪਾਸ।
ਪਗ ਪੰਕਜ ਪਰ ਸਿਰ ਕੋ ਧਰਿ ਕਰਿ ਕੀਨ ਬੰਦਨਾ ਭਾਉ ਪ੍ਰਕਾਸ਼।
... ਬਖਸ਼ਹਿਂ ਖਤਾ ਬਿਰਦ ਨਿਜ ਜਾਨਹਿਂ, ਤੁਮ ਅੰਤਰਯਾਮੀ ਸਭਿ ਜੋਇ।
ਕਹੌਂ ਕਹਾਂ ਤੁਮ ਜਾਨਹੁ ਸਗਰੀ ਇਮਿ ਕਹਿ ਜੋਰ ਰਹਯੋ ਕਰ ਦੋਇ ॥੨੭॥
ਸ੍ਰੀ ਸਤਿਗੁਰ ਮੁਸਕਾਨੇ ਪਿਖਿਕੈ ਕ੍ਰਿਪਾ ਸਿੰਧੁ ਕਰਿ ਕ੍ਰਿਪਾ ਬਖਾਨ ।
'ਸਿਖ, ਸੇਵਕ, ਸੁਤ ਅਹੈਂ ਜਿ ਮੇਰੇ ਤਿਨ ਕੋ ਚਹੌਂ ਕਰਨ ਕੱਲਜਾਨ ।
ਤੁਵ ਮਨ ਮਹਿਂ ਹੰਕਾਰ ਬਜਾਧਿ ਭੀ ਤਿਸ ਹਰਿਬੇ ਹਿਤ ਇਮਿ ਕ੍ਰਿਤ ਠਾਨਿ'।
ਲਿਯੋ ਰੁਮਾਲਨ ਕਰਿ ਚਿਤ ਚਿੰਤਾ, ਅਬਿ ਭੀ ਤੁਝ ਦੇਹੋਂ ਬਹੁ ਦਾਨ॥੨੮॥
ਦੇਸ਼ ਹਰੀ ਪੁਰ ਸਹਤ ਨ੍ਰਿਪਤਿ ਜੁਤ ਇਹੁ ਸੰਗਤਿ ਸਗਰੀ ਤੁਝ ਦੀਨ।
ਚਿਰ- ਕਾਲ ਸੁਖ ਭੋਗਹੁ ਬਨਿ ਗੁਰ ਮੇਰੀ ਦਾਤ ਨ ਹੋਵਹਿ ਹੀਨ।
ਰਹੋ ਕੁਸ਼ਲ ਸੋਂ ਸਭਿ ਕੁਛ ਪਾਵਹੁ ਪੁਨ ਪ੍ਰਲੋਕ ਮੈਂ ਨਿਜ ਢਿਗ ਕੀਨ ।
ਨ੍ਰਿਭੈ ਫਿਰਹੁ ਸਭਿ ਭੂਤਪ੍ਰੇਤ ਜੇ ਡਾਕਨ ਆਦਿ ਸੁ ਤੋਹਿ ਅਧੀਨ॥੨੯॥

-ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੧, ਅੰਸੂ ੩੨

# ਨਿਮਰਤਾ ਦੇ ਮੁਜੱਸਮੇ

ਸ੍ਰੀ ਗੁਰੂ ਅੰਗਦ ਦੇਵ ਜੀ ਦੁਆਰਾ ਸ੍ਰੀ ਗੁਰੂ ਅਮਰਦਾਸ ਜੀ ਨੂੰ ਗੁਰਿਆਈ ਬਖਸ਼ਿਸ਼ ਕਰਨ ਤੋਂ ਬਾਅਦ ਸਾਰੀ ਸੰਗਤ ਨੇ ਸ੍ਰੀ ਗੁਰੂ ਅਮਰਦਾਸ ਜੀ ਦੀ ਬੰਦਨਾ ਕੀਤੀ ਪ੍ਰੰਤੂ ਦਾਤੂ ਜੀ ਅਤੇ ਦਾਸੂ ਜੀ ਨੇ ਗੁਰੂ ਪੁੱਤਰ ਦੇ ਹੰਕਾਰ ਵਿਚ ਸ੍ਰੀ ਗੁਰੂ ਅਮਰਦਾਸ ਜੀ ਨੂੰ ਮੱਥਾ ਨਾ ਟੇਕਿਆ। ਕੁਝ ਸਮੇਂ ਬਾਅਦ ਮਾਤਾ ਖੀਵੀ ਜੀ ਦੇ ਕਹਿਣ ਤੇ ਦਾਸੂ ਜੀ ਨੇ ਤਾਂ ਸ੍ਰੀ ਗੁਰੂ ਅਮਰਦਾਸ ਜੀ ਦਾ ਵਿਰੋਧ ਛੱਡ ਕੇ ਗੁਰੂ ਚਰਨਾਂ ਦਾ ਆਸਰਾ ਲੈ ਲਿਆ ਪ੍ਰੰਤੂ ਦਾਤੂ ਜੀ ਦਾ ਵਿਰੋਧ ਉਸੇ ਪ੍ਰਕਾਰ ਜਾਰੀ ਰਿਹਾ ਕਿਉਂਕਿ ਉਹ ਇਸ ਗੱਲ ਤੋਂ ਅਣਜਾਣ ਸੀ ਕਿ ਗੁਰਿਆਈ ਧੁਰ ਦਰਗਾਹੀ ਬਖਸ਼ਿਸ਼ ਹੈ। ਵਿਰੋਧ ਦੀ ਅੱਗ ਵਿਚ ਅੰਨ੍ਹਾ ਹੋਇਆ ਇਕ ਵਾਰ ਉਹ ਆਪਣੇ ਨਾਲ ਕੁਝ ਲੱਠ ਮਾਰ ਲੈ ਕੇ ਗੋਇੰਦਵਾਲ ਸਾਹਿਬ ਪਹੁੰਚਿਆ ਜਿੱਥੇ ਸ੍ਰੀ ਗੁਰੂ ਅਮਰਦਾਸ ਜੀ ਦਾ ਸ਼ਾਮ ਦਾ ਦੀਵਾਨ ਸਜਿਆ ਹੋਇਆ ਸੀ। ਕ੍ਰੋਧ ਨਾਲ ਭਰੇ ਹੋਏ ਦਾਤੂ ਨੇ ਸ੍ਰੀ ਗੁਰੂ ਅਮਰਦਾਸ ਜੀ ਦੇ ਤਖਤ ਕੋਲ ਪਹੁੰਚ ਕੇ ਉਹਨਾਂ ਨੂੰ ਲੱਤ ਮਾਰੀ ਜਿਸ ਨਾਲ ਸ੍ਰੀ ਗੁਰੂ ਅਮਰਦਾਸ ਜੀ ਡਿੱਗਦੇ-ਡਿੱਗਦੇ ਮਸਾਂ ਬਚੇ। ਸ੍ਰੀ ਗੁਰੂ ਅਮਰਦਾਸ ਜੀ ਨੇ ਵਿਰੋਧ ਕਰਨ ਦੀ ਥਾਂ ਨਿਮਰਤਾ ਵਿਚ ਦਾਤੂ ਨੂੰ ਕਿਹਾ- ਤੁਸੀ ਵੱਡੇ ਭਾਗਾਂ ਵਾਲੇ ਗੁਰੂ ਪੁੱਤਰ ਹੋ। ਕਿਧਰੇ ਮੇਰੇ ਕਾਰਣ ਤੁਹਾਡੇ ਪੈਰ ਨੂੰ ਚੋਟ ਤਾਂ ਨਹੀਂ ਆਈ? ਇਕ ਤਾਂ ਬੁੱਢੀ ਅਵਸਥਾ ਕਰਕੇ ਮੇਰੇ ਹੱਡ ਕਰੜੇ ਹੋ ਗਏ ਹਨ, ਦੂਜਾ ਸੇਵਾ ਕਰਦਿਆਂ ਹੱਡੀਆਂ ਹੀ ਰਹਿ ਗਈਆਂ ਹਨ। ਮੇਰਾ ਸਰੀਰ ਕਠੋਰ ਹੈ, ਤੁਹਾਡੇ ਪੈਰ ਕੂਲੇ ਹਨ। ਆਪਣੇ ਅਨਜਾਣੇ ਵਿਚ ਹੋਏ ਅਪਰਾਧ ਕਾਰਣ ਤੁਹਾਨੂੰ ਹੋਣ ਵਾਲੇ ਕਸ਼ਟ ਲਈ ਮੈਂ ਖਿਮਾ ਮੰਗਦਾ ਹਾਂ।' ਸ੍ਰੀ ਗੁਰੂ ਅਮਰਦਾਸ ਜੀ ਦੇ ਅਜਿਹੇ ਨਿਮਰਤਾ ਭਰੇ ਬਚਨਾਂ ਵਿੱਚੋਂ ਸੰਗਤ ਨੂੰ ਉਹਨਾਂ ਦੇ ਧੀਰਜ ਅਤੇ ਨਿਮਰਤਾ ਦੇ ਦੀਦਾਰੇ ਹੋ ਰਹੇ ਸਨ। ਸੰਗਤਾਂ ਨੂੰ ਪ੍ਰਤੱਖ ਦਿਖਾਈ ਦੇ ਰਿਹਾ ਸੀ ਕਿ ਗੁਰਿਆਈ ਦੇ ਅਸਲ ਅਧਿਕਾਰੀ, ਗੁਣਾਂ ਦੇ ਮਾਲਕ ਸ੍ਰੀ ਗੁਰੂ ਅਮਰਦਾਸ ਜੀ ਹੀ ਹਨ।

***



ਪਿਖਿ ਪ੍ਰਤਾਪ ਨਹਿਂ ਰਿਦੈ ਸਹਾਰਾ। ਭਯੋ ਕ੍ਰੋਧ ਤੇ ਛੋਭਤਿ ਭਾਰਾ॥੩੧॥
ਅਪਰ ਕਛੂ ਤਹਿ ਹੋਇ ਨ ਸਕਈ। ਪਹੁੰਚ ਨਿਕਟ ਗੁਰ ਤਨ ਕੋ ਤਕਈ।
ਰਿਸ ਕਰਿ ਉਰ ਮਹਿਂ ਲਾਤ ਪ੍ਰਹਾਰੀ॥ ਜਿਮਿ ਲਛਮੀਪਤਿ ਕੇ ਭ੍ਰਿਗੁ ਮਾਰੀ ॥੩੨॥
ਸਿੰਘਾਸਨ ਤੇ ਗਿਰ ਕਰਿ ਪਰੇ। ਬ੍ਰਿੱਧ ਸਰੀਰ ਕੰਪ ਕਹੁ ਕਰੇ।
ਬਹੁਰ ਸੰਭਾਰਿ ਉਠੇ ਤਤਕਾਲਾ॥ ਗਹਿ ਦਾਤੂ ਕੇ ਚਰਨ ਕ੍ਰਿਪਾਲਾ ॥੩੩॥
ਕਰ ਕਮਲਨ ਸੋਂ ਮਰਦਨ ਕਰੇ। ਬਿਨਤੀ ਸਹਤ ਸੁ ਬਾਕ ਉਚਰੇ।
"ਇਕ ਤੋ ਸੇਵਾ ਕਰਤਿ ਰਹਯੋ ਹੌਂ। ਦੁਤੀਏ ਬਯ ਤੇ ਬ੍ਰਿੱਧ ਭਯੋ ਹੌਂ ॥੩੪॥
ਯਾਂ ਤੇ ਅਧਿਕ ਸਰੀਰ ਕਠੋਰਾ ॥ ਤੁਮਰੋ ਚਰਨ ਮ੍ਰਿਦੁਲ ਨਹਿਂ ਥੋਰਾ।
ਹੁਯੋ ਹੋਇਗੋ ਕਸ਼ਟ ਮਹਾਂਨਾ। ਛਿਮਹੁ ਭਯੋ ਅਪਰਾਧ ਅਜਾਨਾ॥੩੫॥
ਸ੍ਰੀ ਗੁਰ ਕੇ ਸੁਤ ਹੋ ਬਡਭਾਗੇ। ਮਮ ਹਿਤ ਕਰਿ ਇਤਨੋ ਦੁਖ ਲਾਗੇ।
ਤੁਮ ਕੋ ਦੇਖਿ ਨ ਅੱਗ੍ਰ ਖਰੋਵਾ॥ ਹੁਤੋ ਮਾਨ ਮਮ ਸੋ ਤੁਮ ਖੋਵਾ॥੩੬॥
ਤਾੜਨ ਉਚਿਤ ਜਾਨਿ ਕਰਿ ਮਾਰਯੋ॥ ਭਲੋ ਕਯੋ ਨਿਜਦਾਸ ਨਿਹਾਰਯੋ।
ਸੇਵਾ ਅਪਨੀ ਮੋਹਿ ਬਤਾਵਹੁ॥ ਕਰੌਂ ਸੁ ਤਤਛਿਨ, ਰੋਸ ਹਟਾਵਹੁ॥੩੭॥

-ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੧, ਅੰਸੂ ੩੫

***

ਨਾਮ ਕਿਤਿ ਸੰਸਾਰਿ ਕਿਰਣਿ ਰਵਿ ਸੁਰਤਰ ਸਾਖਹ ॥
ਉਤਰਿ ਦਖਿਣਿ ਪੁਬਿ ਦੇਸਿ ਪਸ੍ਚਮਿ ਜਸੁ ਭਾਖਹ ॥
ਜਨਮੁ ਤ ਇਹੁ ਸਕਯਥੁ ਜਿਤੁ ਨਾਮੁ ਹਰਿ ਰਿਦੈ ਨਿਵਾਸੈ ॥
ਸੁਰਿ ਨਰ ਗਣ ਗੰਧਰਬ ਛਿਅ ਦਰਸਨ ਆਸਾਸੈ ॥
ਭਲਉ ਪ੍ਰਸਿਧੁ ਤੇਜੋ ਤਨੌ ਕਲ੍ ਜੋੜਿ ਕਰ ਧ੍ਯਾਇਅਓ ॥
ਸੋਈ ਨਾਮੁ ਭਗਤ ਭਵਜਲ ਹਰਣੁ ਗੁਰ ਅਮਰਦਾਸ ਤੈ ਪਾਇਓ ॥੫॥

-ਸਵਈਏ ਮਹਲੇ ਤੀਜੇ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ - ਅੰਗ ੧੩੯੩

***


(ਜਿਵੇਂ) ਸ੍ਵਰਗ ਦੇ ਰੁੱਖ (ਮੌਲਸਰੀ) ਦੀਆਂ ਸ਼ਾਖ਼ਾਂ (ਖਿੱਲਰ ਕੇ ਸੁਗੰਧੀ ਖਿਲਾਰਦੀਆਂ ਹਨ), (ਤਿਵੇਂ) ਪਰਮਾਤਮਾ ਦੇ ਨਾਮ ਦੀ ਵਡਿਆਈ-ਰੂਪ ਸੂਰਜ ਦੀ ਕਿਰਣ ਦੇ ਜਗਤ ਵਿਚ (ਪ੍ਰਕਾਸ਼ ਕਰਨ ਦੇ ਕਾਰਨ) ਉੱਤਰ, ਦੱਖਣ, ਪੂਰਬ, ਪੱਛਮ ਦੇਸ ਵਿਚ (ਭਾਵ, ਸਭ ਪਾਸੀਂ) ਲੋਕ ਨਾਮ ਦਾ ਜਸ ਉਚਾਰ ਰਹੇ ਹਨ।

ਉਹੀ ਜਨਮ ਸਕਾਰਥਾ ਹੈ ਜਿਸ ਵਿਚ ਪਰਮਾਤਮਾ ਦਾ ਨਾਮ ਹਿਰਦੇ ਵਿਚ ਵੱਸੇ।

ਇਸ ਨਾਮ ਨੂੰ ਦੇਵਤੇ, ਮਨੁੱਖ, ਗਣ, ਗੰਧਰਬ ਤੇ ਛੇ ਹੀ ਭੇਖ ਲੋਚ ਰਹੇ ਹਨ।


ਤੇਜ ਭਾਨ ਜੀ ਦੇ ਪੁੱਤ੍ਰ, ਭੱਲਿਆਂ ਦੀ ਕੁਲ ਵਿਚ ਉੱਘੇ (ਗੁਰੂ ਅਮਰਦਾਸ ਜੀ ਨੂੰ) ਕਲ੍ਯ ਕਵੀ ਹੱਥ ਜੋੜ ਕੇ ਆਰਾਧਦਾ ਹੈ (ਤੇ ਆਖਦਾ)- ਹੇ ਗੁਰੂ ਅਮਰਦਾਸ **ਜੀ!** ਭਗਤਾਂ ਦਾ ਜਨਮ- ਮਰਨ ਕੱਟਣ ਵਾਲਾ ਉਹੀ ਨਾਮ ਤੂੰ ਪਾ ਲਿਆ ਹੈ।

***


ਸ੍ਰੀਗੁਰੂਅਮਰਦਾਸਜੀ
ਦਾੲਰਸਨਜੀ

## ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ ॥

ਸ੍ਰੀ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਸਾਹਿਬ ਨੂੰ ਸਿੱਖੀ ਦਾ ਕੇਂਦਰ ਬਣਾ ਕੇ ਸਿੱਖ ਧਰਮ ਨੂੰ ਵੀ ਵਿਕਸਿਤ ਕੀਤਾ ਅਤੇ ਲੋਕਾਈ ਦਾ ਉਧਾਰ ਕਰਨ ਲਈ ਹਿੰਦੂ ਤੀਰਥਾਂ ’ਤੇ ਜਾਣ ਦਾ ਉਦਮ ਵੀ ਕੀਤਾ। ਗੁਰਬਾਣੀ ਵਿਚ ਮੌਜੂਦ ਸ੍ਰੀ ਗੁਰੂ ਰਾਮਦਾਸ ਜੀ ਦੀ ਗਵਾਹੀ ਅਨੁਸਾਰ ਉਹ ਕੁਰੂਕਸ਼ੇਤਰ, ਜਮੁਨਾ ਤੀਰਥ ਅਤੇ ਹਰਿਦੁਆਰ ਦੇ ਗੰਗਾ ਤੀਰਥ ’ਤੇ ਗਏ। ਸ੍ਰੀ ਗੁਰੂ ਅਮਰਦਾਸ ਜੀ ਦੇ ਤੀਰਥਾਂ ’ਤੇ ਜਾਣ ਦਾ ਉਦੇਸ਼ ਉਹਨਾਂ ਦੀ ਧਾਰਮਿਕ ਆਸਥਾ ਨਹੀਂ ਸੀ ਸਗੋਂ ਲੋਕਾਈ ਨੂੰ ਸੱਚ ਦਾ ਮਾਰਗ ਦਰਸਾਉਣਾ ਸੀ ਕਿਉਂਕਿ ਸਿੱਖੀ ਮੰਡਲ ਵਿਚ ਆਉਣ ਤੋਂ ਪਹਿਲਾਂ ਅਨੇਕਾਂ ਵਰ੍ਹੇ ਗੰਗਾ ਤੀਰਥ ਦੀ ਯਾਤਰਾ ਕਰਨ ਤੋਂ ਬਾਅਦ ਉਹਨਾਂ ਨੂੰ ਸਪੱਸ਼ਟ ਸੀ ਕਿ ਤੀਰਥਾਂ ’ਤੇ ਅਧਿਆਤਮਿਕ ਪ੍ਰਾਪਤੀ ਨਹੀਂ ਹੋ ਸਕਦੀ। ਕੁਰੂਕਸ਼ੇਤਰ ਵਿਖੇ ਗੁਰੂ ਜੀ ਦੇ ਪਹੁੰਚਣ ਦੀ ਖਬਰ ਸੁਣ ਕੇ ਅਨੇਕਾਂ ਲੋਕ ਉਹਨਾਂ ਦੇ ਦਰਸ਼ਨਾਂ ਲਈ ਇਕੱਠੇ ਹੋ ਗਏ। ਵੱਖ-ਵੱਖ ਜੋਗੀਆਂ, ਦਿਗੰਬਰਾਂ, ਸਨਿਆਸੀਆਂ ਆਦਿ ਨਾਲ ਗੁਰੂ ਸਾਹਿਬ ਦੀ ਵਿਚਾਰ ਚਰਚਾ ਹੋਈ ਅਤੇ ਗੁਰੂ ਜੀ ਨੇ ਸਭ ਨੂੰ ਸੱਚ ਦਾ ਉਪਦੇਸ਼ ਦ੍ਰਿੜ੍ਹ ਕਰਵਾਇਆ। ਦੂਸਰਾ, ਯਮੁਨਾ ਦਰਿਆ ’ਤੇ ਤੀਰਥ ਟੈਕਸ ਲੈਣ ਵਾਲੇ ਜਾਗਾਤੀ ਗੁਰੂ ਜੀ ਤੋਂ ਟੈਕਸ ਲੈਣ ਦੀ ਬਜਾਏ ਉਹਨਾਂ ਨੂੰ ਭੇਟਾ ਦੇ ਕੇ ਮਿਲੇ। ਗੁਰੂ ਜੀ ਦਾ ਨਾਮ ਲੈ ਕੇ ਉਹਨਾਂ ਦੇ ਪਿੱਛੇ ਤੁਰਨ ਵਾਲੇ ਸਾਰੇ ਤੀਰਥ ਯਾਤਰੀ ਟੈਕਸ ਤੋਂ ਮੁਕਤ ਹੋ ਗਏ। ਤੀਸਰਾ, ਹਰਿਦੁਆਰ ਵਿਚ ਗੁਰੂ ਜੀ ਦੇ ਦਰਸ਼ਨਾਂ ਨਾਲ ਸਾਰੀ ਲੋਕਾਈ ਮਸਤ ਹੋ ਗਈ। ਤੀਰਥ ਟੈਕਸ ਲੈਣ ਵਾਲਿਆਂ ਨੂੰ ਟੈਕਸ ਨਾ ਮਿਲਿਆ ਕਿਉਂਕਿ ਸਾਰੀ ਲੋਕਾਈ ਗੁਰੂ ਜੀ ਦੀ ਸ਼ਰਨ ਵਿਚ ਆ ਗਈ। ਅੰਤ ਵਿਚ ਟੈਕਸ ਲੈਣ ਵਾਲੇ ਜਾਗਾਤੀ ਆਪਣੀਆਂ ਗੋਲਕਾਂ ਬੰਦ ਕਰਕੇ ਉੱਠ ਕੇ ਚਲੇ ਗਏ। ਇਸ ਪ੍ਰਕਾਰ ਸ੍ਰੀ ਗੁਰੂ ਅਮਰਦਾਸ ਜੀ ਨੇ ਵੱਖ-ਵੱਖ ਤੀਰਥਾਂ ’ਤੇ ਜਾ ਕੇ ਲੋਕਾਈ ਨੂੰ ਵਿਅਰਥ ਦੇ ਕਰਮ-ਕਾਂਡ ਤਿਆਗ ਕੇ ਇਕ ਅਕਾਲ ਪੁਰਖ ਨਾਲ ਜੁੜਨ ਦਾ ਸੰਦੇਸ਼ ਪ੍ਰਦਾਨ ਕੀਤਾ। ਇਹਨਾਂ ਤੀਰਥਾਂ ’ਤੇ ਸ੍ਰੀ ਗੁਰੂ ਅਮਰਦਾਸ ਜੀ ਰਾਹੀਂ ਲੋਕਾਈ ਨੂੰ ਇਸ ਗੱਲ ਦਾ ਵੀ ਅਹਿਸਾਸ ਹੋਇਆ ਕਿ ਜਿਸ ਪ੍ਰਕਾਰ ਸ੍ਰੀ ਗੁਰੂ ਅਮਰਦਾਸ ਜੀ ਦੇ ਪਿੱਛੇ ਚੱਲ ਕੇ ਉਹਨਾਂ ਦੀ ਤੀਰਥ ਵਾਲੇ ਟੈਕਸ ਤੋਂ ਮੁਕਤੀ ਹੋਈ ਹੈ, ਉਸੇ ਤਰ੍ਹਾਂ ਉਹ ਗੁਰੂ ਦੇ ਦੱਸੇ ਮਾਰਗ ’ਤੇ ਚੱਲ ਕੇ ਜਨਮ ਮਰਨ ਤੋਂ ਵੀ ਮੁਕਤ ਹੋ ਸਕਦੇ ਹਨ।



ਮਾਰਗਿ ਪੰਥਿ ਚਲੇ ਗੁਰ ਸਤਿਗੁਰ ਸੰਗਿ ਸਿਖਾ ॥
ਅਨਦਿਨੁ ਭਗਤਿ ਬਣੀ ਖਿਨੁ ਖਿਨੁ ਨਿਮਖ ਵਿਖਾ ॥
ਹਰਿ ਹਰਿ ਭਗਤਿ ਬਣੀ ਪ੍ਰਭ ਕੇਰੀ ਸਭੁ ਲੋਕੁ ਵੇਖਣਿ ਆਇਆ ॥
ਜਿਨ ਦਰਸੁ ਸਤਿਗੁਰ ਗੁਰੂ ਕੀਆ ਤਿਨ ਆਪਿ ਹਰਿ ਮੇਲਾਇਆ ॥
ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ ॥
ਮਾਰਗਿ ਪੰਥਿ ਚਲੇ ਗੁਰ ਸਤਿਗੁਰ ਸੰਗਿ ਸਿਖਾ ॥੨॥


ਸ੍ਰੀ ਗੁਰੂ ਗ੍ਰੰਥ ਸਾਹਿਬ - ਅੰਗ ੧੧੧੬

## ਪ੍ਰਥਮੇ ਪੰਗਤ ਪਾਛੇ ਸੰਗਤ

## ਅਕਬਰ ਬਾਦਸ਼ਾਹ ਦਾ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਲਈ ਆਉਣਾ

ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਆਰੰਭ ਕੀਤੀ ਗਈ ਲੰਗਰ ਦੀ ਮਰਿਯਾਦਾ ਨੂੰ ਮਜਬੂਤੀ ਪ੍ਰਦਾਨ ਕਰਨ ਅਤੇ ਸੁੱਚ-ਭਿੱਟ ਦੀ ਬੁਰਿਆਈ ਨੂੰ ਖਤਮ ਕਰਨ ਲਈ ਸ੍ਰੀ ਗੁਰੂ ਅਮਰਦਾਸ ਜੀ ਨੇ ਸੰਗਤ ਨੂੰ ਇਹ ਹੁਕਮ ਕੀਤਾ ਕਿ ਜੋ ਵੀ ਉਹਨਾਂ ਦੇ ਦਰਸ਼ਨਾਂ ਲਈ ਆਵੇ, ਉਹ ਦਰਸ਼ਨਾਂ ਤੋਂ ਪਹਿਲਾਂ ਲੰਗਰ ਵਿੱਚੋਂ ਪ੍ਰਸ਼ਾਦਾ ਛਕੇ। ਲੰਗਰ ਵਿੱਚੋਂ ਪ੍ਰਸ਼ਾਦਾ ਨਾ ਛਕਣ ਵਾਲਾ ਗੁਰੂ ਸਾਹਿਬ ਦੇ ਦਰਸ਼ਨਾਂ ਦਾ ਅਧਿਕਾਰੀ ਨਹੀਂ ਹੋਵੇਗਾ। ਇਸ ਹੁਕਮ ਤੋਂ ਬਾਅਦ ਗੁਰੂ ਸਾਹਿਬ ਜੀ ਦੇ ਦਰਸ਼ਨਾਂ ਲਈ ਆਉਣ ਵਾਲੀ ਸੰਗਤ ਲਈ ਲੰਗਰ ਛਕਣਾ ਇੱਕ ਜਰੂਰੀ ਅੰਗ ਬਣ ਗਿਆ ਅਤੇ 'ਪ੍ਰਥਮੇ ਪੰਗਤ ਪਾਛੇ ਸੰਗਤ' ਵਾਲੇ ਮਾਹੌਲ ਜੀ ਸਿਰਜਣਾ ਹੋਈ। ਸ੍ਰੀ ਗੁਰੂ ਅਮਰਦਾਸ ਜੀ ਆਪ ਅੱਠ ਪਹਿਰਾਂ (24 ਘੰਟਿਆਂ) ਵਿਚ ਕੇਵਲ ਇਕ ਵਾਰ ਹੀ ਓਗਰਾ ਅਲੂਣਾ (ਬਿਨ੍ਹਾਂ ਲੂਣ ਵਾਲਾ ਦਲੀਆ) ਛਕਦੇ ਪ੍ਰੰਤੂ ਸੰਗਤ ਦੇ ਛਕਣ ਲਈ ਲੰਗਰ ਵਿਚ ਅਨੇਕਾਂ ਤਰ੍ਹਾਂ ਦੇ ਪਦਾਰਥ ਤਿਆਰ ਕਰਵਾਉਂਦੇ। ਗੁਰੂ ਦਰ 'ਤੇ ਆਉਣ ਵਾਲੇ ਦੇ ਤਨ ਦੀ ਜ਼ਰੂਰਤ ਲੰਗਰ ਵਿਚ ਪ੍ਰਸ਼ਾਦਾ ਛਕ ਕੇ ਪੂਰੀ ਹੁੰਦੀ ਅਤੇ ਰੂਹ ਦੀ ਖੁਰਾਕ ਗੁਰੂ ਦਰਬਾਰ ਵਿਚੋਂ ਪ੍ਰਾਪਤ ਹੁੰਦੀ।

ਮਾਈ ਦਾਸ ਵੈਸ਼ਨੋਂ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਦਾ ਇਛੁੱਕ ਸੀ ਪ੍ਰੰਤੂ ਦਰਸ਼ਨਾਂ ਤੋਂ ਪਹਿਲਾਂ ਲੰਗਰ ਛਕਣ ਵਾਲੇ ਹੁਕਮ ਕਾਰਨ ਦਰਸ਼ਨ ਨਾ ਕਰਕੇ ਵਾਪਸ ਚਲਾ ਗਿਆ ਕਿਉਂਕਿ ਮਾਈ ਦਾਸ ਵੈਸ਼ਨੋ ਦੇ ਮਨ ਵਿੱਚ ਸੁੱਚ-ਭਿੱਟ ਦਾ ਬਹੁਤ ਖਿਆਲ ਸੀ। ਅਖੀਰ ਇਧਰ-ਉਧਰ ਭਟਕਣ ਤੋਂ ਬਾਅਦ ਗੁਰੂ ਬਖਸ਼ਿਸ਼ ਰਾਹੀਂ ਵਾਪਸ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਆਇਆ। ਦਰਸ਼ਨ ਕਰਨ ਤੋਂ ਪਹਿਲਾਂ ਲੰਗਰ ਵਿੱਚੋਂ ਪ੍ਰਸ਼ਾਦਾ ਛਕਿਆ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਕੇ ਪਰਮਾਰਥ ਦੀ ਪ੍ਰਾਪਤੀ ਕੀਤੀ। ਤਤਕਾਲੀਨ ਮੁਗਲ ਬਾਦਸ਼ਾਹ ਜਦੋਂ ਗੋਇੰਦਵਾਲ ਸਾਹਿਬ ਵਿਖੇ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਲਈ ਆਇਆ ਤਾਂ ਉਸਨੇ ਗੁਰੂ ਹੁਕਮਾਂ ਦੀ ਪਾਲਣਾ ਕਰਦੇ ਹੋਏ ਪਹਿਲਾਂ ਲੰਗਰ ਵਿੱਚੋਂ ਪ੍ਰਸ਼ਾਦਾ ਛਕਿਆ। ਗੁਰੂ ਸਾਹਿਬ ਦੇ ਦਰਸ਼ਨ ਕਰਕੇ ਅਕਬਰ ਦੇ ਮਨ ਨੂੰ ਅਨੰਦ ਦੀ ਪ੍ਰਾਪਤੀ ਹੋਈ। ਅਕਬਰ ਨੇ ਗੁਰੂ ਅਮਰਦਾਸ ਜੀ ਨੂੰ ਬੇਨਤੀ ਕੀਤੀ- 'ਤੁਸੀਂ ਅਜਿਹਾ ਕਿਹੜਾ ਭੋਜਨ ਛਕਦੇ ਹੋ ਜਿਸ ਕਾਰਨ ਵਡੇਰੀ ਉਮਰ ਵਿਚ ਵੀ ਤੁਹਾਡੇ ਚਿਹਰੇ 'ਤੇ ਇਤਨਾ ਜ਼ਿਆਦਾ ਨੂਰ ਹੈ?' ਗੁਰੂ ਸਾਹਿਬ ਨੇ ਫੁਰਮਾਇਆ- 'ਇਹ ਕਿਸੇ ਭੋਜਨ ਪਦਾਰਥ ਛਕਣ ਦਾ ਨਹੀਂ, ਉਸ ਖੁਦਾ ਦੀ ਬੰਦਗੀ ਦਾ ਫਲ ਹੈ।'(ਯਹ ਯਾਦਿ ਹੱਕ ਫਲ ਹੈ।) ਸ੍ਰੀ ਗੁਰੂ ਅਮਰਦਾਸ ਜੀ ਦੇ ਬਚਨਾਂ ਦਾ ਉਸ ਦੇ ਮਨ 'ਤੇ ਗਹਿਰਾ ਪ੍ਰਭਾਵ ਪਿਆ। ਸਿੱਖ ਧਰਮ ਦੀ ਬਰਾਬਰੀ ਵਾਲੀ ਮਰਿਯਾਦਾ ਤੋਂ ਪ੍ਰਭਾਵਿਤ ਹੋ ਕੇ ਉਸਨੇ ਪੱਟੀ ਇਲਾਕੇ ਦੇ ਬਾਰਾਂ ਪਿੰਡਾਂ ਦੀ ਜ਼ਮੀਨ ਦਾ ਪਟਾ ਲਿਖਵਾ ਕੇ ਗੁਰੂ ਸਾਹਿਬ ਦੇ ਚਰਨਾਂ ਵਿੱਚ ਭੇਟਾ ਕੀਤਾ।





ਤ੍ਰਿਪਤਿ ਸ਼ਾਹੁ ਕਰ ਬਹੁਰ ਪਖਾਰੇ । ਬਿਸਮਤਿ ਹੁਇ, ਕਰ ਜੋਰਿ ਉਚਾਰੇ।
'ਸਿਫ਼ਤ ਆਪ ਕੀ ਕਹੀ ਨ ਜਾਇ । ਆਰਫ ਕਾਮਲ ਸਭਿ ਸੁਖਦਾਇ॥੬੧॥
ਜੇ ਕਰਿ ਮੇਰੇ ਪਰ ਅਨਕੂਲ। ਹਰਖ ਦੇਹੁਂ ਕੁਛ ਕਰੋ ਕਬੂਲ ।
ਜੋ ਸੇਵਾ ਤੁਮਰੀ ਹੁਇ ਜਾਇ । ਬਨਹੁਂ ਸਫਲ ਸ਼ਾਂਤੀ ਮੁਝ ਆਇ? ॥੬੨॥
ਬਿਕਸਿ ਪ੍ਰਭੁ ਮੁਖ ਤਾਂ ਸੋ ਕਹੀ। 'ਕਿਸੂ ਬਸਤੁ ਕੀ ਖ਼੍ਵਾਸ਼ ਨ ਰਹੀ।
ਦਿਏ ਗੁਰੂ ਨੇ ਅਤੁੱਟ ਭੰਡਾਰੁ । ਖਰਚਤਿ ਖਾਵਤਿ ਪਾਇ ਨ ਪਾਰੁ॥' ॥੬੩॥
ਸ਼ਾਹੁ ਸਹਤ ਉਮਰਾਵਨ ਫੇਰ। ਬੇਰ ਬੇਰ ਕਹਿਂ 'ਕਰਹੁ ਨ ਫੇਰ।
ਕਿਤਿਕ ਗ੍ਰਾਮ ਕੋ ਪਟਾ ਲਿਖਾਇਵ। ਸ੍ਰੀ ਸਤਿਗੁਰ ਕੇ ਚਰਨ ਚਢਾਇਵ॥੬੪॥

-ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੧, ਅੰਸੂ ੬੪

***

ਅਮਰਦਾਸ ਸ਼੍ਰੀ ਗੁਰ ਸੁਖਦ ਸੱਤਿ ਸਰੂਪ ਅਨੂਪ ॥
ਸਿੱਖਨ ਕੇ ਮਨ ਗਜਾਨ ਦਾ ਗਤਿ ਉਦਾਰ ਵਡ ਕੂਪ॥੧॥

ਸ੍ਰੀ ਗੁਰੂ ਅਮਰ ਦਾਸ ਜੀ ਉਪਮਾਂ ਤੋਂ ਪਰੇ (ਹਨ ਤੇ) ਸੱਚ ਹੀ (ਜਿਹਨਾਂ ਦਾ) ਵਜੂਦ ਹੈ, ਸਿੱਖਾਂ ਦੇ ਮਨ ਨੂੰ ਗਿਆਨ ਦੇ ਦਾਤੇ ਹਨ (ਲੋੜਵੰਦਾਂ ਦੁਖੀਆਂ ਨੂੰ ਵਾਂਛਤ) ਸੁਖਾਂ ਦੇ ਦਾਤੇ ਹਨ, (ਕਿਉਂਕਿ ਉਹਨਾਂ ਦਾ) ਵਰਤਾਉ ਹੀ ਵਡੇ ਰਾਜਿਆਂ ਵਾਂਙ ਉਦਾਰ ਹੈ।

-ਮਹਾਂਕਵੀ ਭਾਈ ਸੰਤੋਖ ਸਿੰਘ, ਸ੍ਰੀ ਗੁਰ ਨਾਨਕ ਪ੍ਰਕਾਸ਼, ਪੂਰਬਾਰਧ, ਅਧਿਆਇ ੧੬

***

ਸ੍ਰੀ ਸਤਿਗੁਰ ਬਰ ਅਮਰ ਜੀ ਸ਼ਰਨ ਨਰਨ ਦੁਖ ਹਰਨ।
ਕਾਰਨ ਕਰਨ ਸੁਜਾਨ ਮਨ ਨਮਸਕਾਰ ਤਿਨ ਚਰਨ ॥੯॥

ਅਰਥ-ਸ਼ੋਭਾ ਵਾਲੇ (ਅਤੇ) ਸ੍ਰੇਸ਼ਟ ਸਤਿਗੁਰੂ ਅਮਰ (ਦਾਸ) ਜੀ (ਦੀ) ਸ਼ਰਣ ਜੀਵਾਂ ਦੇ ਦੁੱਖ ਦੂਰ ਕਰਨ ਵਾਲੀ ਹੈ, (ਕਿਉਂਕਿ ਉਹ) ਕਾਰਨ ਕਰਨ ਹਨ (ਅਤੇ) ਸੁਜਾਨ ਮਨ ਵਾਲੇ ਹਨ, ਉਹਨਾਂ ਦੇ ਚਰਣਾਂ ਪਰ ਮੇਰੀ ਨਮਸਕਾਰ ਹੋਵੇ।

-ਮਹਾਂਕਵੀ ਭਾਈ ਸੰਤੋਖ ਸਿੰਘ, ਸ੍ਰੀ ਗੁਰ ਨਾਨਕ ਪ੍ਰਕਾਸ਼, -ਪੂਰਬਾਰਧ, ਅਧਿਆਇ ੧

***



## ਪਾਰੋ ਝੁਲਕਾ ਪਰਮਹੰਸੁ ਪੂਰੇ ਸਤਿਗੁਰ ਕਿਰਪਾ ਧਾਰੀ।

ਭਾਈ ਪਾਰੋ ਜੁਲਕਾ ਜੀ ਸ੍ਰੀ ਗੁਰੂ ਅਮਰਦਾਸ ਜੀ ਦੇ ਅਨਿੰਨ ਸਿੱਖਾਂ ਵਿਚ ਸ਼ਾਮਿਲ ਹਨ ਜੋ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਮੇਂ ਸਿੱਖੀ ਮਾਰਗ ਵਿਚ ਆਏ। ਇਹਨਾਂ ਦੀ ਉੱਚ ਅਵਸਥਾ ਕਾਰਨ ਸ੍ਰੀ ਗੁਰੂ ਅਮਰਦਾਸ ਜੀ ਨੇ ਇਹਨਾਂ ਨੂੰ 'ਪਰਮਹੰਸ' ਦੀ ਉਪਾਧੀ ਪ੍ਰਦਾਨ ਕੀਤੀ ਸੀ। ਸਿੱਖ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਭਾਈ ਪਾਰੋ ਜੀ ਹਰ ਰੋਜ਼ ਆਪਣੇ ਘੋੜੇ ’ਤੇ ਸਵਾਰ ਹੋ ਕੇ ਬਿਆਸ ਦਰਿਆ ਪਾਰ ਕਰਦੇ ਹੋਏ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਲਈ ਆਉਂਦੇ ਸਨ। ਝੱਖੜ-ਤੂਫਾਨ ਦੇ ਮੌਸਮ ਵਿਚ ਵੀ ਪਾਠ ਕਰਦੇ ਹੋਏ ਸਹਜ ਸੁਭਾਇ ਘੋੜੇ ਨਾਲ ਦਰਿਆ ਪਾਰ ਕਰ ਜਾਂਦੇ। ਇਕ ਵਾਰ ਬਿਆਸ ਦਰਿਆ ਵਿਚ ਹੜ੍ਹ ਆਉਣ ਕਾਰਨ ਜਲੰਧਰ ਦਾ ਨਵਾਬ ਅਬਦੁੱਲਾ ਆਪਣੀਆਂ ਫੌਜਾਂ ਸਮੇਤ ਪਾਣੀ ਉਤਰਨ ਦਾ ਇੰਤਜ਼ਾਰ ਕਰ ਰਿਹਾ ਸੀ ਤਾਂ ਭਾਈ ਪਾਰੋ ਜੀ ਹਰ ਰੋਜ਼ ਵਾਂਗ ਪਾਠ ਕਰਦੇ ਹੋਏ ਘੋੜੇ ਸਮੇਤ ਦਰਿਆ ਪਾਰ ਕਰ ਗਏ। ਜਦੋਂ ਭਾਈ ਪਾਰੋ ਜੀ ਵਾਪਸ ਆਏ ਤਾਂ ਅਬਦੁੱਲਾ ਨੇ ਪੁੱਛਿਆ ਕਿ ਐਸਾ ਕਿਹੜਾ ਗੁਰੂ ਹੈ ਜਿਸ ਦੇ ਦਰਸ਼ਨਾਂ ਦੀ ਤਾਂਘ ਅਤੇ ਗੁਰੂ ਦੀ ਅਜ਼ਮਤ ਦੀ ਬਦੌਲਤ ਤੁਸੀਂ ਇਸ ਪਾਣੀ ਦੇ ਠਾਠਾਂ ਮਾਰਦੇ ਦਰਿਆ ਨੂੰ ਵੀ ਬਿਨ੍ਹਾਂ ਕਿਸੇ ਮੁਸ਼ਕਿਲ ਪਾਰ ਕਰ ਗਏ। ਭਾਈ ਪਾਰੋ ਜੀ ਦੇ ਦੱਸਣ ’ਤੇ ਅਬਦੁੱਲਾ ਨੇ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਦੀ ਇੱਛਾ ਪ੍ਰਗਟ ਕੀਤੀ ਅਤੇ ਫੌਜ ਆਪਣੇ ਪੁੱਤਰ ਦੇ ਸਪੁਰਦ ਕਰਕੇ ਗੁਰੂ ਜੀ ਦੇ ਦਰਸ਼ਨਾਂ ਲਈ ਚੱਲ ਪਿਆ। ਦਰਸ਼ਨ ਕਰਕੇ ਐਸੀ ਖਿੱਚ ਪਈ ਕਿ ਗੁਰੂ ਸਾਹਿਬ ਦਾ ਹੀ ਹੋ ਗਿਆ ਅਤੇ ‘ਭਾਈ ਅੱਲਾ ਯਾਰ’ ਦੇ ਨਾਮ ਨਾਲ ਪ੍ਰਸਿੱਧ ਹੋਇਆ। ਸ੍ਰੀ ਗੁਰੂ ਅਮਰਦਾਸ ਜੀ ਨੇ ਇਹਨਾਂ ਨੂੰ ਆਤਮਿਕ ਸੋਝੀ ਪ੍ਰਦਾਨ ਕਰਕੇ ਮੰਜੀ ਦੀ ਬਖਸ਼ਿਸ਼ ਕੀਤੀ।

ਭਾਈ ਪਾਰੋ ਜੁਲਕਾ ਜੀ ਦੀ ਉੱਚ ਆਤਮਕ ਅਵਸਥਾ ਅਤੇ ਨਿਮਰਤਾ ਦਾ ਅੰਦਾਜਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਉਹਨਾਂ ਦੀ ਕਰਨੀ ਤੋਂ ਨਿਹਾਲ ਹੋ ਕੇ ਸ੍ਰੀ ਗੁਰੂ ਅਮਰਦਾਸ ਜੀ ਇਹਨਾਂ ਨੂੰ ਗੁਰਿਆਈ ਦੀ ਜ਼ਿੰਮੇਵਾਰੀ ਵੀ ਬਖਸ਼ਿਸ਼ ਕਰਨ ਲੱਗੇ ਸਨ (ਮੈਂ ਜਗ ਗੁਰਆਈ ਬਖਸ ਤੁਮ ਕਰੋ॥) ਪਰੰਤੂ ਇਹਨਾਂ ਨੇ ਨਿਮਰਤਾ ਸਹਿਤ ਆਪਣੇ ਆਪ ਨੂੰ 'ਗੁਰੂ ਕਾ ਸਿੱਖ' ਅਖਵਾਉਣ ਦੀ ਬੇਨਤੀ ਕੀਤੀ (ਮੋ ਕੋ ਗੁਰਸਿਖੀ ਮਨ ਭਾਵੈ। ਗੁਰਆਈ ਸਤਗੁਰਹਿ ਸੁਹਾਵੈ।)। ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਅਤੇ ਧੰਨ ਧੰਨ ਉਹਨਾਂ ਦੇ ਸਿਦਕੀ ਸਿੱਖ।



ਪਾਰੋ ਜੁਲਕਾ ਡੱਲੇ ਮਾਂਹਿ।

ਪਰਮੇਸ਼ੁਰ ਸੋ ਪ੍ਰੇਮ ਉਮਾਹਿ।

ਸਤਿਗੁਰ ਕੀ ਮਹਿਮਾ ਕੋ ਜਾਨਹਿ।

ਗੁਰਬਾਨੀ ਸੁ ਬਿਚਾਰਨ ਠਾਨਹਿ॥੬॥

...ਪਾਰੋ ਧੰਨ ਧੰਨ ਉਪਕਾਰੀ।

ਤਰਹੁ ਆਪ ਅਪਰਨ ਦੇ ਤਾਰੀ।

ਬੋਲਨ ਮਿਲਨ ਸੰਤ ਸੋਂ ਨੀਕਾ।

ਤਾਤਕਾਲ ਕਟਿ ਸੰਕਟ ਜੀਕਾ॥੨੧॥

-ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੧, ਅੰਸੂ ੩੭

# ਜਾਤ ਪਾਤ ਗੁਰ ਕੀ ਨਹਿ ਕੋਇ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਾਤ-ਪਾਤ ਨੂੰ 'ਫਕੜ ਜਾਤੀ ਫਕੜੁ ਨਾਉ' ਕਹਿ ਕੇ ਇਸ ਨੂੰ ਵਿਅਰਥ ਦੱਸਦੇ ਹੋਏ ਜਾਤ-ਪਾਤ ਦਾ ਖੰਡਨ ਕੀਤਾ ਅਤੇ ਜਾਤੀਵਾਦ ਨੂੰ ਸਿੱਖ ਧਰਮ ਵਿਚ ਕੋਈ ਥਾਂ ਨਹੀਂ ਦਿੱਤੀ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਵੀ ਇਸੇ ਉਪਦੇਸ਼ ਨੂੰ ਦ੍ਰਿੜ੍ਹ ਕਰਵਾਉਂਦੇ ਹੋਏ ਭਾਈ ਜੋਧ ਰਸੋਈਏ ਦਾ ਸੁਚ-ਭਿੱਟ ਵਾਲਾ ਜਾਤੀਵਾਦ ਖਤਮ ਕੀਤਾ ਅਤੇ ਉਹਨਾਂ ਨੂੰ ਗੁਰਸਿੱਖੀ ਦੇ ਮਾਰਗ ਦੀ ਬਖਸ਼ਿਸ਼ ਕੀਤੀ। ਸ੍ਰੀ ਗੁਰੂ ਅਮਰਦਾਸ ਜੀ ਨੇ ਵੀ ਆਪਣੀ ਬਾਣੀ ਵਿਚ ਜਾਤੀ ਦਾ ਹੰਕਾਰ ਕਰਨ ਵਾਲੇ ਨੂੰ ਮੂਰਖ ਅਤੇ ਗਵਾਰ ਕਹਿ ਕੇ ਜਾਤ-ਪਾਤ ਨੂੰ ਅਪ੍ਰਵਾਨ ਕੀਤਾ ਹੈ। (ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ।।) ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਡੱਲੇ ਦੇ ਨਿਵਾਸੀ ਭਾਈ ਪ੍ਰਿਥਾ ਮੱਲ ਅਤੇ ਭਾਈ ਤੁਲਸਾ ਜੀ ਭੱਲਾ ਜਾਤ ਦੇ ਖੱਤਰੀ ਸਨ ਅਤੇ ਉਹਨਾਂ ਨੂੰ ਇਸ ਗੱਲ ਦਾ ਹੰਕਾਰ ਸੀ ਕਿ ਉਹਨਾਂ ਦੀ ਜਾਤ ਉਹੀ ਹੈ ਜੋ ਤੀਜੇ ਪਾਤਸ਼ਾਹ ਦੀ ਹੈ। ਇਹ ਗੱਲ ਉਹ ਸਿੱਖਾਂ ਨੂੰ ਵੀ ਅਭਿਮਾਨ ਨਾਲ ਕਹਿੰਦੇ ਸਨ। ਇਕ ਵਾਰ ਜਦੋਂ ਸ੍ਰੀ ਗੁਰੂ ਅਮਰਦਾਸ ਜੀ ਡੱਲੇ ਨਗਰ ਵਿਖੇ ਆਏ ਤਾਂ ਉਹਨਾਂ ਨੇ ਗੁਰੂ ਸਾਹਿਬ ਨੂੰ ਕਿਹਾ- 'ਏਕੋ ਜਾਤਿ ਹਮਾਰ ਤੁਮਾਰੀ' (ਸਾਡੀ ਅਤੇ ਤੁਹਾਡੀ ਜਾਤ ਇੱਕੋ ਹੀ ਹੈ।) ਤਾਂ ਸ੍ਰੀ ਗੁਰੂ ਅਮਰਦਾਸ ਜੀ ਨੇ ਫੁਰਮਾਇਆ- 'ਜਾਤ ਪਾਤ ਗੁਰ ਕੀ ਨਹ ਕੋਇ' (ਗੁਰੂ ਦੀ ਕੋਈ ਜਾਤ ਨਹੀਂ ਹੁੰਦੀ, ਜਾਤ ਤਾਂ ਸਰੀਰਾਂ ਦੀ ਹੁੰਦੀ ਹੈ।) ਗੁਰੂ ਜੀ ਨੇ ਉਹਨਾਂ ਨੂੰ ਸਮਝਾਇਆ ਕਿ ਗੁਰੂ ਸਰੀਰ ਨਹੀਂ ਹੈ, ਗੁਰੂ ਜੋਤ ਦਾ ਨਾਮ ਹੈ ਅਤੇ ਜੋਤ ਜਾਤ-ਪਾਤ ਤੋਂ ਮੁਕਤ ਹੁੰਦੀ ਹੈ। ਇਸ ਲਈ ਕਿਸੇ ਨੂੰ ਵੀ ਗੁਰੂ ਦੀ ਜਾਤ-ਪਾਤ ਵਾਲਾ ਭਰਮ ਨਹੀਂ ਹੋਣਾ ਚਾਹੀਦਾ।

***



***

ਪਹਿਰਿ ਸਮਾਧਿ ਸਨਾਹੁ ਗਿਆਨਿ ਹੈ ਆਸਣਿ ਚੜਿਅਉ ॥
ਧ੍ਰੰਮ ਧਨਖੁ ਕਰ ਗਹਿਓ ਭਗਤ ਸੀਲਹ ਸਰਿ ਲੜਿਅਉ ॥
ਭੈ ਨਿਰਭਉ ਹਰਿ ਅਟਲੁ ਮਨਿ ਸਬਦਿ ਗੁਰ ਨੇਜਾ ਗਡਿਓ ॥
ਕਾਮ ਕ੍ਰੋਧ ਲੋਭ ਮੋਹ ਅਪਤੁ ਪੰਚ ਦੂਤ ਬਿਖੰਡਿਓ ॥
ਭਲਉ ਭੂਹਾਲੁ ਤੇਜੋ ਤਨਾ ਨ੍ਰਿਪਤਿ ਨਾਥੁ ਨਾਨਕ ਬਰਿ ॥
ਗੁਰ ਅਮਰਦਾਸ ਸਚੁ ਸਲ੍ਯ ਭਣਿ ਤੈ ਦਲੁ ਜਿਤਉ ਇਵ ਜੁਧੁ ਕਰਿ ॥੧॥੨੧॥

-ਸਵਈਏ ਮਹਲੇ ਤੀਜੇ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ - ਅੰਗ ੧੩੯੬

***

ਸਮਾਧੀ-ਰੂਪ ਸੰਨਾਹ (ਜ਼ਿਰਹ-ਬਖ਼ਤਰ) ਪਹਿਨ ਕੇ ਗਿਆਨ-ਰੂਪ ਘੋੜੇ ਉੱਤੇ (ਗੁਰੂ ਅਮਰਦਾਸ ਜੀ ਨੇ) ਆਸਣ ਜਮਾਇਆ ਹੋਇਆ ਹੈ।

ਧਰਮ ਦਾ ਧਨੁਖ ਹੱਥਾਂ ਵਿਚ ਫੜ ਕੇ (ਗੁਰੂ ਅਮਰਦਾਸ ਜੀ) ਭਗਤਾਂ ਵਾਲੇ ਸੀਲ-ਰੂਪ ਤੀਰ ਨਾਲ (ਕਾਮਾਦਿਕ ਵੈਰੀਆਂ ਦੇ ਟਾਕਰੇ ਤੇ) ਲੜ ਰਿਹਾ ਹੈ।

ਹਰੀ ਦਾ ਭਉ ਰੱਖਣ ਦੇ ਕਾਰਨ (ਗੁਰੂ ਅਮਰਦਾਸ ਜੀ) ਨਿਰਭਉ ਹੈ, ਸਤਿਗੁਰੂ ਦੇ ਸ਼ਬਦ ਦੀ ਬਰਕਤਿ ਨਾਲ ਹਰੀ ਨੂੰ (ਗੁਰੂ ਅਮਰਦਾਸ ਜੀ ਨੇ) ਮਨ ਵਿਚ ਧਾਰਿਆ ਹੈ-ਇਹ (ਗੁਰੂ ਅਮਰਦਾਸ ਜੀ ਨੇ ਮਾਨੋ), ਨੇਜਾ ਗੱਡਿਆ ਹੋਇਆ ਹੈ;

ਅਤੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਇਹਨਾਂ ਪੰਜਾਂ ਵੈਰੀਆਂ ਦਾ ਨਾਸ ਕਰ ਦਿੱਤਾ ਹੈ।

ਤੇਜਭਾਨ ਜੀ ਦੇ ਪੁਤ੍ਰ ਹੇ ਗੁਰੂ ਅਮਰਦਾਸ ਜੀ! ਤੂੰ ਭੱਲਿਆਂ ਦੀ ਕੁਲ ਵਿਚ ਸ਼ਿਰੋਮਣੀ ਹੈਂ ਅਤੇ (ਗੁਰੂ) ਨਾਨਕ (ਦੇਵ ਜੀ) ਦੇ ਵਰ ਨਾਲ ਰਾਜਿਆਂ ਦਾ ਰਾਜਾ ਹੈਂ।

ਸਲ੍ਯ ਕਵੀ (ਇਉਂ) ਆਖਦਾ ਹੈ- ਹੇ ਗੁਰੂ ਅਮਰਦਾਸ ਜੀ ! ਤੂੰ ਇਸ ਤਰ੍ਹਾਂ ਜੁੱਧ ਕਰ ਕੇ (ਇਹ ਵਿਕਾਰਾਂ ਦਾ) ਦਲ ਜਿੱਤ ਲਿਆ ਹੈ।

***



## ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥

ਸ੍ਰੀ ਗੁਰੂ ਅਮਰਦਾਸ ਜੀ ਦੇ ਦਰਬਾਰ ਵਿਚ ਸੰਗਤ ਵਿੱਚੋਂ ਉੱਠ ਕੇ ਭਾਈ ਰਾਮੂ, ਭਾਈ ਦੀਪਾ, ਭਾਈ ਉਗਰਸੈਨ ਅਤੇ ਭਾਈ ਭਗਉਤੀ ਨਾਮਕ ਕਿਰਤੀ ਸਿੱਖਾਂ ਨੇ ਬੇਨਤੀ ਕੀਤੀ- 'ਸੱਚੇ ਪਾਤਸ਼ਾਹ, ਦੁਨੀਆਦਾਰੀ ਦੇ ਧੰਦਿਆਂ ਵਿਚ ਮਕਬੂਲ ਸਾਡੇ ਵਰਗੇ ਮਨੁੱਖਾਂ ਦੀ ਕਲਿਆਣ ਕਿਵੇਂ ਹੋਵੇਗੀ। ਐਸਾ ਬਚਨ ਬਖਸ਼ੋ ਕਿ ਜੀਵਨ ਘੜਿਆ ਜਾਵੇ।'

ਸ੍ਰੀ ਗੁਰੂ ਅਮਰਦਾਸ ਜੀ ਨੇ ਫੁਰਮਾਇਆ- 'ਅੰਮ੍ਰਿਤ ਵੇਲੇ ਦੀ ਸੰਭਾਲ ਕਰਨੀ ਹੈ, ਭਾਵੇਂ ਕੁਝ ਵੀ ਹੋ ਜਾਵੇ। ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਗੁਰ ਸ਼ਬਦ ਦੀ ਵਿਚਾਰ ਕਰਨੀ ਅਤੇ ਜਿਸ ਸਮੇਂ ਕੋਈ ਸਿੱਖ ਆਏ ਉਸਨੂੰ ਸ਼ਰਧਾ ਨਾਲ ਪ੍ਰਸ਼ਾਦਾ ਤਿਆਰ ਕਰਕੇ ਛਕਾਉਣਾ, ਇਹਨਾਂ ਦਾ ਪਾਲਣ ਕਰਨਾ। ਸਿੱਖ ਧਰਮ ਵਿਚ ਕਿਰਤ ਕਰਨ ਦੀ ਮਨਾਹੀ ਨਹੀਂ ਹੈ, ਇਹ ਬੇਸ਼ਕ ਦਿਨ ਰਾਤ ਕਰੋ।

ਇਹ ਬਚਨ ਸੁਣ ਕੇ ਇਕ ਸਿੱਖ ਨੇ ਪੁੱਛਿਆ- 'ਪਾਤਸ਼ਾਹ, ਅੰਮ੍ਰਿਤ ਵੇਲੇ ਦੇ ਚਾਰ ਘੜੀਆਂ ਦੇ ਧਿਆਨ ਨਾਲ ਕਿਵੇਂ ਪਾਰ ਹੋ ਜਾਵਾਂਗੇ?'

ਗੁਰੂ ਜੀ ਨੇ ਕਿਹਾ- 'ਨਦੀ ਵਿਚ ਬੇੜੀ, ਸਮਾਨ ਅਤੇ ਮਨੁੱਖਾਂ ਨਾਲ ਭਰੀ ਹੁੰਦੀ ਹੈ ਪਰ ਪਾਣੀ ਤੋਂ ਚਾਰ ਉਂਗਲ ਬਾਹਰ ਹੁੰਦੀ ਹੈ। ਜੇਕਰ ਬੇੜੀ ਚਾਰ ਉਂਗਲ ਵੀ ਬਾਹਰ ਨਾ ਹੋਵੇ ਤਾਂ ਡੁੱਬ ਜਾਵੇ। ਇਸੇ ਪ੍ਰਕਾਰ ਚਾਰ ਘੜੀ ਮਨ ਨੂੰ ਜਗਤ ਤੋਂ ਉੱਪਰ ਉਠਾ ਕੇ ਸਿਮਰਨ ਕਰੋਗੇ ਤਾਂ ਪਾਰ ਹੋ ਜਾਵੋਗੇ। ਜੇਕਰ ਹਰ ਸਮੇਂ ਧੰਦਿਆਂ ਵਿਚ ਹੀ ਗਲਤਾਨ ਰਹੋਗੇ ਤਾਂ ਬੇੜੀ ਡੁੱਬ ਜਾਵੇਗੀ।'

***



ਅੰਮ੍ਰਿਤ ਵੇਲਾ ਕਰਿਹੁ ਸ਼ਨਾਨ । ਗੁਰ ਕੋ ਸ਼ਬਦ ਪਠਹੁ ਕਰਿ ਧਜਾਨ।

ਅਰਥ ਬਿਚਾਰ ਉਚਾਰਨ ਕਰੀਅਹਿ। ਕਿਧੌਂ ਸੁਨੋ ਕਰਿ ਨਿਰਨੈ ਧਰੀਅਹਿ॥੧੯॥

ਚਤੁਰ ਘਟੀ ਸਭਿ ਕਾਜ ਬਿਸਾਰਹੁ। ਅਰਥ ਸੁਨਹੁ ਕੈ ਆਪ ਉਚਾਰਹੁ।

ਸਲਿਤਾ ਮਹਿਂ ਨੌਕਾ ਬਹੁ ਭਰੀਯਤਿ। ਚਤੁਰੰਗਲ ਜਲ ਵਹਿਰ ਨਿਹਰੀਯਤਿ ॥ ੨੦॥

ਭਰੀ ਭਾਰ ਸੌਂ ਉਤਰਹਿ ਪਾਰ। ਤਿਮਿ ਜਗ ਕਾਰਜ ਕੇ ਬਿਵਹਾਰ।

ਨਿਸ ਦਿਨ ਕਰਿਹੁ ਧਰਮ ਕੀ ਕਿਰਤਿ । ਚਤੁਰ ਘਟੀ ਦਿਹੁ ਗੁਰ ਮਹਿਂ ਬਿਰਤਿ ॥੨੧॥

ਸਭਿ ਕਾਰਜ ਜੁਤਿ ਹੁਇ ਕੱਲਜਾਨ। ਪ੍ਰਭੁ ਪ੍ਰਸੀਦਹਿਂ ਪ੍ਰੇਮ ਮਹਾਨ'।

ਸਗਰੇ ਕਾਰਜ ਗੁਰੂ ਸਵਾਰੈ। ਹਲਤ ਪਲਤ ਮਹਿਂ ਕਬਹੁਂ ਨ ਹਾਰੈ॥ ੨੨

-ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੧, ਅੰਸੂ ੪੦

## ਕਿਰਤ ਵਿਰਤਿ ਕਰਿ ਧਰਮ ਦੀ ਹਥਹੁ ਦੇ ਕੈ ਭਲਾ ਮਨਾਵੈ ।

ਸਿੱਖੀ ਦਾ ਮਾਰਗ ਕਿਰਤੀਆਂ ਦਾ ਮਾਰਗ ਹੈ ਜਿੱਥੇ ਵਿਹਲੜ ਲੋਕਾਂ ਨੂੰ ਕੋਈ ਥਾਂ ਨਹੀਂ ਕਿਉਂਕਿ ਮੰਗ ਕੇ ਖਾਣ ਵਾਲਾ ਵਿਹਲੜ, ਸਮਾਜ 'ਤੇ ਬੋਝ ਹੁੰਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਆਪਣੇ ਕਿਰਤੀ ਸਿੱਖਾਂ ਨੂੰ ਪਿਆਰ ਕਰਦੇ ਹੋਏ, ਉਹਨਾਂ ਨੂੰ ਕਿਰਤ ਰਾਹੀਂ ਅਕਾਲ ਪੁਰਖ ਦੀ ਪ੍ਰਾਪਤੀ ਦਾ ਉਪਦੇਸ਼ ਦ੍ਰਿੜ੍ਹ ਕਰਵਾਉਂਦੇ ਸਨ। ਭਾਈ ਮਲੀਆ ਅਤੇ ਭਾਈ ਸਹਾਰੂ, ਜੋ ਕਿਰਤ ਪੱਖੋਂ ਛੀਂਬੇ ਸਨ, ਗੁਰੂ ਸਾਹਿਬ ਪਾਸ ਆਏ ਅਤੇ ਨਾਮ ਦੀ ਦਾਤ ਮੰਗੀ। ਸ੍ਰੀ ਗੁਰੂ ਅਮਰਦਾਸ ਜੀ ਨੇ ਫੁਰਮਾਇਆ- 'ਤੁਹਾਡੇ ਲਈ ਪਰਮਾਰਥ ਦਾ ਸੌਖਾ ਰਸਤਾ ਹੈ ਕਿ ਤੁਸੀਂ ਸਿੱਖਾਂ ਦੇ ਮੈਲੇ ਕੱਪੜੇ ਧੋਅ ਦੇਣੇ ਅਤੇ ਪਾਟੇ ਕੱਪੜਿਆਂ ਦੀ ਸਿਲਾਈ ਕਰ ਦੇਣੀ। ਅਜਿਹਾ ਕਰਨ ਨਾਲ ਤੁਸੀਂ ਉੱਜਲ ਹੋਵੋਗੇ ਅਤੇ ਤੁਹਾਡੀ ਗੁਰੂ ਨਾਲ ਪ੍ਰੀਤ ਵਧੇਗੀ। ਜਿਹਨਾਂ ਸਿੱਖਾਂ ਦੀ ਤੁਸੀਂ ਸੇਵਾ ਕਰੋਗੇ ਉਹ ਆਪਣੀ ਅਰਦਾਸ ਰਾਹੀਂ ਤੁਹਾਡੇ ਅੰਦਰ ਦੀ ਮੈਲ ਖਤਮ ਕਰ ਦੇਣਗੇ। ਇਸ ਪ੍ਰਕਾਰ ਹਿਰਦਾ ਸ਼ੁੱਧ ਹੋਣ ਨਾਲ ਤੁਹਾਨੂੰ ਨਾਮ ਦੀ ਦਾਤ ਪ੍ਰਾਪਤ ਹੋ ਜਾਵੇਗੀ।

***

# ਕਿਰਤ

***



# ਨਾਮ ਰਤਨ ਹਿਯਰੇ ਮਹਿੰ ਰਾਖਾ

ਭਾਈ ਲਾਲੋ ਜੀ ਸ੍ਰੀ ਗੁਰੂ ਅਮਰਦਾਸ ਜੀ ਦੇ ਅਨਿੰਨ ਸਿੱਖਾਂ ਵਿਚ ਸ਼ਾਮਿਲ ਸਨ ਜਿਹਨਾਂ ਨੇ ਸੁਰਾਸ਼ਟਰ, ਗੁਜਰਾਤ ਅਤੇ ਸਿੰਧ ਦੇ ਇਲਾਕਿਆਂ ਵਿਚ ਸਿੱਖੀ ਦਾ ਪ੍ਰਚਾਰ ਕੀਤਾ। ਉਹਨਾਂ ਨੇ ਅਨੇਕਾਂ ਪ੍ਰਾਣੀਆਂ ਨੂੰ ਮੜ੍ਹੀਆਂ-ਮਸਾਣਾਂ ਦੀ ਪੂਜਾ ਤੋਂ ਹਟਾ ਕੇ ਗੁਰ ਸ਼ਬਦ ਨਾਲ ਜੋੜਿਆ। ਅਨੇਕਾਂ ਹਿੰਦੂ ਅਤੇ ਮੁਸਲਮਾਨ ਵਪਾਰੀ ਭਾਈ ਲਾਲੋ ਜੀ ਦੇ ਪ੍ਰਚਾਰ ਸਦਕਾ ਗੁਰੂ ਵਾਲੇ ਬਣੇ। ਇਹ ਵਪਾਰੀ, ਭਾਈ ਲਾਲੋ ਜੀ ਨੂੰ ਬੇਅੰਤ ਧਨ ਭੇਟਾ ਵਜੋਂ ਦਿੰਦੇ ਪਰੰਤੂ ਭਾਈ ਲਾਲੋ ਜੀ ਸਾਰਾ ਧਨ ਲੋੜਵੰਦਾਂ ਨੂੰ ਵੰਡ ਦਿੰਦੇ।

ਇਕ ਵਾਰ ਸਮੁੰਦਰ ਪਾਰ ਕਰਨ ਵਾਲੇ ਕਿਸੇ ਵਪਾਰੀ ਦਾ ਜਹਾਜ ਰੇਤੇ ਵਿਚ ਖੁਭ ਗਿਆ ਤਾਂ ਉਸ ਵਪਾਰੀ ਨੇ ਭਾਈ ਲਾਲੋ ਜੀ ਦੇ ਨਾਮ ਦੀ ਦੁਹਾਈ ਦਿੱਤੀ। ਜਹਾਜ ਸਹੀ ਸਲਾਮਤ ਕਿਨਾਰੇ ਲੱਗ ਗਿਆ ਤੇ ਵਪਾਰੀ ਨੇ ਭਾਈ ਲਾਲੋ ਜੀ ਨੂੰ ਦੋ ਕੀਮਤੀ ਰਤਨ ਭੇਟ ਕੀਤੇ। ਭਾਈ ਲਾਲੋ ਜੀ ਉਹ ਦੋਵੇਂ ਰਤਨ ਸ੍ਰੀ ਗੁਰੂ ਅਮਰਦਾਸ ਜੀ ਨੂੰ ਭੇਟ ਕਰਨ ਲਈ ਲੈ ਆਏ। ਗੁਰੂ ਸਾਹਿਬ ਨੇ ਭਾਈ ਲਾਲੋ ਜੀ ਨੂੰ ਹੰਕਾਰ ਤੋਂ ਬਚਾਉਣ ਲਈ ਦੋਵੇਂ ਰਤਨ ਬਿਆਸ ਦਰਿਆ ਵਿਚ ਸੁੱਟਵਾ ਦਿੱਤੇ ਅਤੇ ਬਚਨ ਕੀਤਾ- 'ਦੁਨਿਆਵੀਂ ਰਤਨਾਂ ਨੂੰ ਨਹੀਂ, ਨਾਮ ਰਤਨ ਨੂੰ ਹਿਰਦੇ ਵਿਚ ਟਿਕਾਉਣ ਦੀ ਜਰੂਰਤ ਹੈ।'

***

ਨਾਮ

***



ਲਾਲੋ ਲਾਲ ਲਿਏ ਕਰ ਦੋਇ॥ ਗੁਰ ਢਿਗ ਆਨਿ ਰਖੇ ਤਿਨ ਸੋਇ॥
ਪਿਖ ਸ਼੍ਰੀ ਅਮਰ ਬਚਨ ਮੁਖ ਭਾਖਾ॥ ਨਾਮ ਰਤਨ ਹਿਯਰੇ ਮਹਿੰ ਰਾਖਾ॥ ੫੨॥
ਇਨ ਕੋ ਜਾਹ ਨਦੀ ਮੋਂ ਡਾਰ। ਧਰਹੁ ਨ ਬਿਵਹਾਰਹੁ ਕਰਿ ਪਯਾਰ।
ਲਾਲੋ ਗੁਰ ਕੀ ਆਗਯਾ ਮਾਨੀ। ਫੈਂਕੇ ਜਾਇ ਗਹਿੰਰ ਜਹਿ ਪਾਨੀ॥
... ਸਤਿਗੁਰ ਅਰ ਗੁਰ ਸਿਖਨ ਕੀ ਮਹਿਨਾ ਮਹਾਂ ਮਹਾਨ।
ਧੰਨ ਗੁਰੂ ਅਰੁ ਧੰਨ ਸਿਖ ਜਗਤ ਉਧਾਰ ਨਿਵਾਨ॥

-ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੧, ਅੰਸੂ ੩੭

***

ਚਿਤਿ ਚਿਤਵਉ ਅਰਦਾਸਿ ਕਹਉ ਪਰੁ ਕਹਿ ਭਿ ਨ ਸਕਉ ॥
ਸਰਬ ਚਿੰਤ ਤੁਝੁ ਪਾਸਿ ਸਾਧਸੰਗਤਿ ਹਉ ਤਕਉ ॥
ਤੇਰੈ ਹੁਕਮਿ ਪਵੈ ਨੀਸਾਣੁ ਤਉ ਕਰਉ ਸਾਹਿਬ ਕੀ ਸੇਵਾ ॥
ਜਬ ਗੁਰੁ ਦੇਖੈ ਸੁਭ ਦਿਸਟਿ ਨਾਮੁ ਕਰਤਾ ਮੁਖਿ ਮੇਵਾ ॥
ਅਗਮ ਅਲਖ ਕਾਰਣ ਪੁਰਖ ਜੋ ਫੁਰਮਾਵਹਿ ਸੋ ਕਹਉ ॥
ਗੁਰ ਅਮਰਦਾਸ ਕਾਰਣ ਕਰਣ ਜਿਵ ਤੂ ਰਖਹਿ ਤਿਵ ਰਹਉ ॥੪॥੧੮॥

-ਸਵਈਏ ਮਹਲੇ ਤੀਜੇ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ - ਅੰਗ ੧੩੯੫

***

(ਹੇ ਸ੍ਰੀ ਗੁਰੂ ਅਮਰਦਾਸ ਜੀ!) ਮੈਂ ਚਿੱਤ ਵਿਚ ਸੋਚਾਂ ਸੋਚਦਾ ਹਾਂ ਕਿ (ਇਕ) ਬੇਨਤੀ ਆਖਾਂ; ਪਰ ਮੈਂ ਆਖ ਭੀ ਨਹੀਂ ਸਕਦਾ।

(ਹੇ ਸਤਿਗੁਰੂ!) ਮੇਰੇ ਸਾਰੇ ਫ਼ਿਕਰ ਤੇਰੇ ਹਵਾਲੇ ਹਨ (ਭਾਵ, ਤੈਨੂੰ ਹੀ ਮੇਰੇ ਸਾਰੇ ਫ਼ਿਕਰ ਹਨ), ਮੈਂ ਸਾਧ ਸੰਗਤ (ਦਾ ਆਸਰਾ) ਤੱਕਦਾ ਹਾਂ।

(ਹੇ ਸ੍ਰੀ ਗੁਰੂ ਅਮਰਦਾਸ ਜੀ!) ਜੇ ਤੇਰੀ ਰਜ਼ਾ ਵਿਚ ਪ੍ਰਵਾਨਗੀ ਮਿਲ ਜਾਏ, ਤਾਂ ਮੈਂ ਮਾਲਕ- ਪ੍ਰਭੂ ਦੀ ਸੇਵਾ ਕਰਾਂ।

ਜਦੋਂ ਸਤਿਗੁਰੂ (ਅਮਰਦਾਸ ਜੀ) ਮਿਹਰ ਦੀ ਨਜ਼ਰ ਨਾਲ ਤੱਕਦੇ ਹਨ, ਤਾਂ ਕਰਤਾਰ ਦਾ ਨਾਮ-ਰੂਪ ਫਲ ਮੂੰਹ ਵਿਚ (ਭਾਵ, ਖਾਣ ਨੂੰ) ਮਿਲਦਾ ਹੈ।

ਹੇ ਅਗਮ-ਰੂਪ ਸਤਿਗੁਰੂ! ਹੇ ਅਲੱਖ ਹਰੀ- ਰੂਪ ਗੁਰੂ! ਹੇ ਕਾਰਣ ਪੁਰਖ-ਰੂਪ ਸ੍ਰੀ ਗੁਰੂ ਅਮਰਦਾਸ ਜੀ! ਜੋ ਤੂੰ ਹੁਕਮ ਕਰਦਾ ਹੈਂ, ਮੈਂ ਸੋਈ ਆਖਦਾ ਹਾਂ।

ਹੇ ਸ੍ਰਿਸ਼ਟੀ ਦੇ ਕਰਤਾ-ਰੂਪ ਸ੍ਰੀ ਗੁਰੂ ਅਮਰਦਾਸ ਜੀ ! ਜਿਵੇਂ ਤੂੰ ਮੈਨੂੰ ਰੱਖਦਾ ਹੈਂ ਤਿਵੇਂ ਮੈਂ ਰਹਿੰਦਾ ਹਾਂ।

***





**ਸ੍ਰੀ ਗੁਰੂ ਅਮਰਦਾਸ ਜੀ ਦਾ ਇਕ ਪੁਰਾਤਨ ਚਿੱਤਰ ਅਤੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਦੁਆਰਾ ਰਚਿਤ ਸ੍ਰੀ ਗੁਰਮੁਖ ਪ੍ਰਕਾਸ਼ ਗ੍ਰੰਥ ਵਿਚੋਂ ਸ੍ਰੀ ਗੁਰੂ ਅਮਰਦਾਸ ਜੀ ਦੇ ਪ੍ਰਕਾਸ਼ ਨਾਲ ਸੰਬੰਧਿਤ ਕਾਵਿਕ ਸਤਰਾਂ**

## ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥

ਸ੍ਰੀ ਗੁਰੂ ਅਮਰਦਾਸ ਜੀ ਨੇ ਔਰਤਾਂ ਦੇ ਸਨਮਾਨ ਅਤੇ ਸੁਧਾਰ ਲਈ ਵੀ ਅਨੇਕਾਂ ਅਮਿੱਟ ਕਾਰਜ ਕੀਤੇ ਜਿਹਨਾਂ ਨੇ ਇਸਤਰੀਆਂ ਨੂੰ ਇਕ ਸਨਮਾਨਜਨਕ ਸਥਾਨ ਪ੍ਰਦਾਨ ਕੀਤਾ। ਉਹਨਾਂ ਨੇ ਇਸਤਰੀਆਂ ਵਿਚ ਪਰਦੇ ਦੀ ਰਸਮ ਦਾ ਖੰਡਨ ਕਰਦੇ ਹੋਏ ਗੁਰੂ ਦਰਬਾਰ ਵਿਚ ਇਸਤਰੀਆਂ ਦੇ ਘੁੰਢ ਕੱਢ ਕੇ ਆਉਣ ਦੀ ਮਨਾਹੀ ਕੀਤੀ ਕਿਉਂਕਿ ਗੁਰੂ ਦਰਬਾਰ ਵਿਚ ਕੋਈ ਵੱਡਾ ਛੋਟਾ ਨਹੀਂ, ਸਭ ਬਰਾਬਰ ਹਨ। ਉਹਨਾਂ ਨੇ ਆਪਣੇ ਸਿੱਖ ਪ੍ਰਚਾਰਕਾਂ ਵਿਚ ਸਿੱਖ ਬੀਬੀਆਂ ਨੂੰ ਵੀ ਸਥਾਨ ਦਿੱਤਾ ਜਿਸ ਨਾਲ ਔਰਤਾਂ ਦੇ ਸਨਮਾਨ ਵਿਚ ਵਾਧਾ ਹੋਇਆ। ਅਣਮਨੁੱਖੀ ਅਤੇ ਦਰਦਨਾਕ ਸਤੀ ਪ੍ਰਥਾ ’ਤੇ ਰੋਕ ਲਾਉਣ ਵਾਲੇ ਸ੍ਰੀ ਗੁਰੂ ਅਮਰਦਾਸ ਜੀ ਪਹਿਲੇ ਮਨੁੱਖ ਹਨ ਜਿਹਨਾਂ ਨੇ ਇਸਤਰੀਆਂ ਦੀਆਂ ਭਾਵਨਾਵਾਂ ਦਾ ਆਦਰ ਕਰਦੇ ਹੋਏ ਸਤੀ ਪ੍ਰਥਾ ਦਾ ਵਿਰੋਧ ਕੀਤਾ। ਉਹਨਾਂ ਦਾ ਇਸ ਸੰਬੰਧੀ ਗੁਰਬਾਣੀ ਵਿਚ ਫੁਰਮਾਣ ਹੈ ਕਿ ਸਤੀਆਂ ਉਹ ਨਹੀਂ ਹਨ ਜੋ ਮੜ੍ਹੀਆਂ ਦੀ ਅੱਗ ਵਿਚ ਸੜ ਜਾਂਦੀਆਂ ਹਨ ਸਗੋਂ ਸਤੀਆਂ ਉਹ ਹਨ ਜੋ ਆਪਣੇ ਪਤੀ ਦੇ ਬਿਰਹੋਂ ਦੀ ਸੱਟ ਨੂੰ ਧੁਰ ਅੰਦਰ ਤੱਕ ਮਹਿਸੂਸ ਕਰਦੀਆਂ ਹਨ। ਸਿੱਖ ਧਰਮ ਵਿਚ ਵਿਧਵਾ ਵਿਆਹ ਦੀ ਆਗਿਆ ਪ੍ਰਦਾਨ ਕਰਨਾ, ਸ੍ਰੀ ਗੁਰੂ ਅਮਰਦਾਸ ਜੀ ਦਾ ਇਕ ਅਜਿਹਾ ਕਦਮ ਸੀ ਜਿਸ ਨੇ ਤਤਕਾਲ ਸਮੇਂ ਦੇ ਅਨੈਤਿਕ ਸਮਾਜਿਕ ਪ੍ਰਬੰਧ ’ਤੇ ਗਹਿਰੀ ਸੱਟ ਮਾਰੀ ਅਤੇ ਔਰਤਾਂ ਨੂੰ ਤਿਲ-ਤਿਲ ਕਰਕੇ ਮਰਨ ਲਈ ਮਜਬੂਰ ਹੋਣ ਵਾਲੀ ਜ਼ਿੰਦਗੀ ਤੋਂ ਆਜ਼ਾਦੀ ਪ੍ਰਦਾਨ ਕੀਤੀ। ਸ੍ਰੀ ਗੁਰੂ ਅਮਰਦਾਸ ਜੀ ਦੇ ਅਜਿਹੇ ਕਾਰਜਾਂ ਨੇ ਜਿੱਥੇ ਉਹਨਾਂ ਨੂੰ ਇਨਕਲਾਬੀ ਸਮਾਜ ਸੁਧਾਰਕਾਂ ਦੇ ਆਗੂ ਵਜੋਂ ਸਥਾਪਿਤ ਕੀਤਾ ਉੱਥੇ ਔਰਤਾਂ ਨੂੰ ਸਨਮਾਨਜਨਕ ਰੁਤਬਾ ਵੀ ਪ੍ਰਦਾਨ ਕੀਤਾ।

***





੧ਓ॥ਸਤਿਗੁਰਪ੍ਰਸਾਦਿ॥ ॥ਰਾਗੁਰਾਮਕਲੀਮਹਲਾ ੩॥ ॥ਅਨੰਦੁ॥
॥ਅਨੰਦੁਭਇਆਮੇਰੀਮਾਏਸਤਿਗੁਰੂਮੈਪਾਇਆ॥ਸਤਿਗੁਰਤਪਾਇਆਸਹਜਿਸੇਤੀ
ਮਨਿਵਜੀਆਵਾਧਾਈਆ॥ਰਾਗਰਤਨਪਰਵਾਰਪਰੀਆਸਬਦਿਗਾਵਣਿਆਈਆ
॥ਸਬਦੋਤਗਾਵਹੁਹਰੀਕੇਰਾਮਨਿਜਿਨੀਵਸਾਇਆ॥ਕਹੈਨਾਨਕੁਅਨੰਦੁਹੋਆਸਤਿਗੁਰੂਮੈ
ਪਾਇਆ॥੧॥ਏਮਨਮੇਰਿਆਤੂੰਸਦਾਰਹੁਹਰਿਨਾਲੇ॥ਹਰਿਨਾਲਿਰਹੁਤੂੰਮੰਨਮੇਰੇਦੂਖਸਭਿ

ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਰਚਿਤ ਅਨੰਦ ਸਾਹਿਬ ਬਾਣੀ ਦੇ ਆਰੰਭ ਦਾ ਹੱਥ ਲਿਖਤ ਸਰੂਪ




ਗੋਇੰਦਵਾਲ ਸਾਹਿਬ ਸਥਿਤ ਬਾਉਲੀ ਸਾਹਿਬ ਦੇ ਪ੍ਰਵੇਸ਼ ਦੁਆਰ 'ਤੇ ਗੁਰੂ ਅਮਰਦਾਸ ਜੀ ਦੇ ਪੋਤਰੇ ਬਾਬਾ ਅਨੰਦ ਜੀ ਦੀ ਤਸਵੀਰ, ਜਿਹਨਾਂ ਦਾ ਨਾਮ ਗੁਰੂ ਸਾਹਿਬ ਦੁਆਰਾ ਅਨੰਦ ਸਾਹਿਬ ਬਾਣੀ ਦੇ ਨਾਮ 'ਤੇ ਰੱਖਿਆ ਗਿਆ ਸੀ।


ੴ ਸਤਿਨਾਮੁਕਰਤਾਪੁਰਖੁਨਿਰਭਉ
ਨਿਰਵੈਰੁਅਕਾਲਮੂਰਤਿਅਜੂਨੀਸੈਭੰਗੁਰਪ੍ਰਸਾਦਿ॥ ॥
॥ਜਪੁ॥ ॥ਆਦਿਸਚੁਜੁਗਾਦਿਸਚੁ॥ਹੈਭੀਸਚੁਨਾਨਕਹੋਸੀ
ਭੀਸਚੁ॥੧॥ਸੋਚੈਸੋਚਿਨਹੋਵਈਜੇਸੋਚੀਲਖਵਾਰ॥ਚੁਪੈਚੁਪ
ਨਹੋਵਈਜੇਲਾਇਰਹਾਲਿਵਤਾਰ॥ਭੁਖਿਆਭੁਖਨਉਤਰੀਜੇਬੰ
ਨਾਪੁਰੀਆਭਾਰ॥ਸਹਸਸਿਆਣਪਾਲਖਹੋਹਿਤਇਕਨਚਲੈ
ਨਾਲਿ॥ਕਿਵਸਚਿਆਰਾਹੋਈਐਕਿਵਕੂੜੈਤੁਟੈਪਾਲਿ॥ਹੁਕ
ਮਿਰਜਾਈਚਲਣਾਨਾਨਕਲਿਖਿਆਨਾਲਿ॥੧॥ਹੁਕਮੀ
ਹੋਵਨਿਆਕਾਰੁਹੁਕਮੁਨਕਹਿਆਜਾਈ॥ਹੁਕ
ਮੀਹੋਵਨਿਜੀਅਹੁਕਮਿਮਿਲੈਵਡਿਆ
ਈ॥ਹੁਕਮੀਉਤਮੁਨੀਚੁਹੁਕ

ਸ੍ਰੀ ਗੁਰੂ ਗ੍ਰੰਥ ਸਾਹਿਬ ਸਾਹਿਬ ਜੀ ਦੇ ਪੁਰਾਤਨ ਹੱਥ ਲਿਖਤ ਸਰੂਪ ਦੇ ਦਰਸ਼ਨ

***

ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥
ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ ॥
ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ ॥
ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ ॥
ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ ਕੇ ਗੁਣ ਹਉ ਕਿਆ ਕਹਉ ॥
ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ ॥੨॥੨੦॥

-ਸਵਈਏ ਮਹਲੇ ਤੀਜੇ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ - ਅੰਗ ੧੩੯੫-੯੬

***

ਮੈਂ ਸੰਤਾਂ ਨੂੰ ਟੋਲਦਾ ਟੋਲਦਾ ਥੱਕ ਗਿਆ ਹਾਂ, ਮੈਂ ਕਈ ਸਾਧ (ਭੀ) ਵੇਖੇ ਹਨ,
ਕਈ ਸੰਨਿਆਸੀ, ਕਈ ਤਪੱਸਵੀ ਤੇ ਕਈ ਇਹ ਮੂੰਹੋਂ-ਮਿੱਠੇ ਪੰਡਿਤ (ਭੀ ਵੇਖੇ ਹਨ)।
ਮੈਂ ਇਕ ਸਾਲ ਫਿਰਦਾ ਰਿਹਾ ਹਾਂ, ਕਿਸੇ ਨੇ ਮੇਰੀ ਨਿਸ਼ਾ ਨਹੀਂ ਕੀਤੀ;
ਸਾਰੇ (ਮੂੰਹੋਂ) ਆਖਦੇ ਹੀ ਆਖਦੇ (ਭਾਵ, ਹੋਰਨਾਂ ਨੂੰ ਉਪਦੇਸ਼ ਕਰਦੇ ਹੀ) ਸੁਣੇ ਹਨ,
ਪਰ ਕਿਸੇ ਦੀ ਰਹਤ ਵੇਖ ਕੇ ਮੈਨੂੰ ਆਨੰਦ ਨਹੀਂ ਆਇਆ।
ਉਹਨਾਂ ਲੋਕਾਂ ਦੇ ਗੁਣ ਮੈਂ ਕੀਹ ਆਖਾਂ, ਜਿਹੜੇ ਹਰੀ ਦੇ ਨਾਮ ਨੂੰ ਛੱਡ ਕੇ ਦੂਜੇ (ਭਾਵ, ਮਾਇਆ ਦੇ ਪਿਆਰ) ਵਿਚ ਲੱਗੇ ਹੋਏ ਹਨ?
ਹੇ ਗੁਰੂ (ਅਮਰਦਾਸ ਜੀ)! ਪਿਆਰੇ (ਹਰੀ) ਨੇ ਮੈਨੂੰ, ਭਿਖੇ ਨੂੰ, ਤੂੰ ਮਿਲਾ ਦਿੱਤਾ ਹੈ, ਜਿਵੇਂ ਤੂੰ ਰੱਖੇਂਗਾ ਤਿਵੇਂ ਮੈਂ ਰਹਾਂਗਾ।

***





# ਨਿਧਰਿਆਂ ਦੀ ਧਿਰ

ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਜ਼ਿਲ੍ਹਾ ਲਾਹੌਰ ਦੇ ਪਿੰਡ ਖਾਈ ਦਾ ਪ੍ਰੇਮਾ ਖੱਤਰੀ ਗਲਤ ਸੰਗਤ ਵਿਚ ਪੈ ਕੇ ਕੋਹੜ ਦਾ ਸ਼ਿਕਾਰ ਹੋ ਗਿਆ। ਅਜਿਹੀ ਹਾਲਤ ਬਣ ਗਈ ਕਿ ਰੋਟੀ ਦੇ ਟੁਕੜਿਆਂ ਦਾ ਵੀ ਮੁਹਤਾਜ ਹੋ ਗਿਆ। ਜਦੋਂ ਉਸਨੇ ਸ੍ਰੀ ਗੁਰੂ ਅਮਰਦਾਸ ਜੀ ਦੀ ਮਹਿਮਾ ਸੁਣੀ ਤਾਂ ਉਹ ਰਿੜਦਾ-ਢਹਿੰਦਾ ਗੋਇੰਦਵਾਲ ਸਾਹਿਬ ਪੁੱਜਿਆ ਜਿੱਥੇ ਉਸ ਨੂੰ ਸਮੇਂ ਸਿਰ ਪ੍ਰਸ਼ਾਦਾ ਪਾਣੀ ਮਿਲਣ ਲੱਗਿਆ ਅਤੇ ਕੀਰਤਨ ਦੀ ਆਵਾਜ਼ ਕੰਨੀ ਪੈਂਦੀ। ਕਿਸੇ ਸਿੱਖ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਕੋਹੜੀ ਦੀ ਇਹ ਹਾਲਤ ਦੱਸੀ ਤਾਂ ਗੁਰੂ ਜੀ ਨੇ ਉਸ ਨੂੰ ਆਪਣੇ ਇਸ਼ਨਾਨ ਕਰਨ ਵਾਲੇ ਅਸਥਾਨ 'ਤੇ ਬਾਉਲੀ ਦੇ ਜਲ ਨਾਲ ਉਹ ਇਸ਼ਨਾਨ ਕਰਵਾ ਕੇ ਸਾਫ ਸੁਥਰੇ ਵਸਤਰ ਪਹਿਨਾਏ। ਗੁਰੂ ਜੀ ਦੀ ਕਿਰਪਾ ਦ੍ਰਿਸ਼ਟੀ ਨਾਲ ਉਹ ਨਰੋਆ ਹੋ ਗਿਆ। ਗੁਰੂ ਜੀ ਨੇ ਉਸਦਾ ਨਾਮ 'ਮੁਰਾਰੀ' ਰੱਖਿਆ ਅਤੇ ਹੁਕਮ ਕੀਤਾ ਕਿ ਸੰਗਤ ਵਿੱਚੋਂ ਕੋਈ ਗੁਰਸਿੱਖ ਆਪਣੀ ਲੜਕੀ ਦਾ ਇਸ ਨਾਲ ਵਿਆਹ ਕਰ ਦੇਵੇ। ਭਾਈ ਸ਼ੀਹਾਂ ਉੱਪਲ ਨੇ ਸ੍ਰੀ ਗੁਰੂ ਅਮਰਦਾਸ ਜੀ ਦਾ ਹੁਕਮ ਮੰਨ ਕੇ ਆਪਣੀ ਲੜਕੀ ਦਾ ਰਿਸ਼ਤਾ 'ਮੁਰਾਰੀ' ਲਈ ਪ੍ਰਵਾਨ ਕੀਤਾ। ਜਦੋਂ ਸ਼ੀਹੇਂ ਉੱਪਲ ਦੀ ਘਰਵਾਲੀ ਨੇ ਮੁਰਾਰੀ ਦੇ ਮਾਤਾ-ਪਿਤਾ, ਜਾਤ-ਕੁੱਲ ਬਾਰੇ ਸ਼ੰਕਾ ਕੀਤਾ ਤਾਂ ਗੁਰੂ ਜੀ ਨੇ ਕਿਹਾ-'ਬੱਚੀਏ! ਤੈਨੂੰ ਭੁਲੇਖਾ ਲੱਗਿਆ ਹੈ, ਇਹ ਮੇਰਾ ਬੇਟਾ ਹੈ।' ਭਾਈ ਸ਼ੀਹੇਂ ਦੀ ਲੜਕੀ ਦਾ ਨਾਮ 'ਮੱਥੋ' ਸੀ। ਸ੍ਰੀ ਗੁਰੂ ਅਮਰਦਾਸ ਜੀ ਨੇ ਕਿਹਾ ਕਿ ਇਹ 'ਮੱਥੋ ਮੁਰਾਰੀ' ਦੀ ਜੋੜੀ ਹੈ। ਇਸ ਜੋੜੀ ਨੂੰ ਗੁਰੂ ਸਾਹਿਬ ਨੇ ਮੰਜੀ ਦੀ ਬਖਸ਼ਿਸ਼ ਕਰਕੇ ਸਿੱਖੀ ਦਾ ਪ੍ਰਚਾਰਕ ਥਾਪਿਆ। ਇਸ ਪ੍ਰਕਾਰ ਸ੍ਰੀ ਗੁਰੂ ਅਮਰਦਾਸ ਜੀ ਨੇ, ਸ੍ਰੀ ਗੁਰੂ ਅੰਗਦ ਦੇਵ ਜੀ ਦੁਆਰਾ ਪ੍ਰਾਪਤ ਬਖਸ਼ਿਸ਼ 'ਨਿਧਰਿਆਂ ਦੀ ਧਿਰ' ਪ੍ਰਤੱਖ ਰੂਪ ਪ੍ਰਦਾਨ ਕੀਤਾ।

***



ਥਾਂਉ ਨਿਥਾਂਵਨ, ਮਾਨ ਨਿਮਾਨਾ। ਇਸ ਬਿਧਿ ਕੋ ਨਿਜ ਬਿਰਦ ਪਛਾਨਾ।
ਭਏ ਪ੍ਰਸੰਨ ਸਭਿਨਿ ਸੋਂ ਕਹਾ। ਤਿਸ ਕੋ ਲੇ ਆਵਹੁ ਅਬਿ ਇਹਾਂ ॥੫੨॥
ਹਮਰੇ ਮੱਜਨ ਕੋ ਜਲ ਜਹਿੰਵਾ। ਸੰਚਤਿ ਟਿਕਜੋਂ ਲਿਜਾਵਹੁ ਤਹਿੰਵਾ।
ਨੀਕੇ ਜਾਇ ਸ਼ਨਾਨਹਿ ਏਹੀ। ਹੋਇ ਜਾਇਗੀ ਸੁਧ ਸਭਿ ਦੇਹੀ ॥ ੫੩
...ਦ੍ਰਿਸ਼ਟਿ ਪਰੀ ਸਤਿਗੁਰ ਕੀ ਜਬੈ । ਤਨ ਅਰੋਗ ਭਾ ਸੁੰਦਰ ਤਬੈ।
ਨਿਜ ਕਰਤੇ ਪੁਨ ਬਸਤ੍ਰ ਦਏ ਹੈਂ। ਸਭਿ ਨਵੀਨ ਪਹਿਰਾਇ ਦਏ ਹੈਂ॥੫੭॥
...ਰਜ ਕਨ ਤੇ ਗਿਰ ਸਮਸਰ ਕਿਯੋ। ਨਾਮ 'ਮੁਰਾਰੀ' ਪੁਨ ਧਰਿ ਦਿਯੋ॥ ੫੮॥

-ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੧, ਅੰਸੂ ੬੦

## ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥

ਭਾਈ ਜੇਠਾ ਜੀ ਦਾ ਨਾਮ ਸ੍ਰੀ ਗੁਰੂ ਅਮਰਦਾਸ ਜੀ ਦੇ ਸਭ ਤੋਂ ਅਨਿੰਨ ਅਤੇ ਪਰਮ ਸਿੱਖ ਵਜੋਂ ਲਿਆ ਜਾਂਦਾ ਹੈ। ਬਚਪਨ ਵਿਚ ਹੀ ਅਨਾਥ ਹੋ ਜਾਣ ਕਾਰਨ ਅਤੇ ਗਰੀਬੀ ਦੀ ਹਾਲਤ ਵੇਖ ਕੇ ਰਿਸ਼ਤੇਦਾਰਾਂ ਅਤੇ ਸਾਕ-ਸੰਬੰਧੀਆਂ ਦੁਆਰਾ ਮੋਹ ਮੋੜ ਲਏ ਜਾਣ ’ਤੇ ਉਹ ਘੁੰਗਣੀਆਂ ਵੇਚ ਕੇ ਆਪਣਾ ਗੁਜ਼ਾਰਾ ਕਰਨ ਲੱਗੇ। ਪੂਰਬਲੇ ਕਰਮਾਂ ਦੀ ਬਰਕਤ ਸਦਕਾ ਬਚਪਨ ਤੋਂ ਹੀ ਉਹਨਾਂ ਨੂੰ ਸ੍ਰੀ ਗੁਰੂ ਅਮਰਦਾਸ ਜੀ ਦੀ ਸੰਗਤ ਪ੍ਰਾਪਤ ਹੋਈ ਜਿਸ ਕਾਰਨ ਛੋਟੀ ਉਮਰ ਤੋਂ ਹੀ ਸਿੱਖੀ ਦੀ ਪ੍ਰੇਮਾ ਭਗਤੀ ਮਨ ਵਿਚ ਪੈਦਾ ਹੋਣ ਲੱਗੀ। ਸ੍ਰੀ ਗੁਰੂ ਅਮਰਦਾਸ ਜੀ ਦੇ ਨਕਸ਼ੇ ਕਦਮਾਂ ’ਤੇ ਚਲਦੇ ਹੋਏ ਉਹਨਾਂ ਨੇ ਆਪਣੀ ਕੁੱਲ ਅਤੇ ਸ਼ਰੀਕਾਂ ਦੀ ਲਾਜ ਦਾ ਤਿਆਗ ਕਰਕੇ, ਗੁਰੂ ਘਰ ਦੀ ਅਣਥੱਕ ਸੇਵਾ ਕੀਤੀ। ਭਾਈ ਜੇਠਾ ਜੀ ਨਿਮਰਤਾ ਦੀ ਸਾਕਾਰ ਮੂਰਤ ਸਨ। ਉਹਨਾਂ ਦੇ ਦੈਵੀ ਗੁਣਾਂ ਨੂੰ ਵੇਖ ਕੇ ਹੀ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਸਪੁੱਤਰੀ ਬੀਬੀ ਭਾਨੀ ਜੀ ਦਾ ਵਿਆਹ ਭਾਈ ਜੇਠਾ ਜੀ ਨਾਲ ਕੀਤਾ। ਗੋਇੰਦਵਾਲ ਸਾਹਿਬ ਵਿਖੇ ਬਉਲੀ ਦੀ ਸੇਵਾ ਦੌਰਾਨ ਜਦੋਂ ਲਾਹੌਰ ਤੋਂ ਆਏ ਉਹਨਾਂ ਦੇ ਰਿਸ਼ਤੇਦਾਰਾਂ ਅਤੇ ਸਾਕ-ਸੰਬੰਧੀਆਂ ਨੇ ਭਾਈ ਜੇਠਾ ਜੀ ਨੂੰ ਲਿਬੜੇ ਵਸਤਰਾਂ ਨਾਲ ਮਿੱਟੀ ਦੀ ਟੋਕਰੀ ਸਿਰ ਤੇ ਚੁੱਕ ਕੇ ਸੇਵਾ ਕਰਦੇ ਵੇਖਿਆ ਤਾਂ ਉਹਨਾਂ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਕਿਹਾ- ‘ਇਹ ਸਹੁਰਿਆਂ ਦੇ ਘਰ ਟੋਕਰੀਆਂ ਢੋਅ ਕੇ ਸਾਡੀ ਕੁੱਲ ਨੂੰ ਲਾਜ ਲਾ ਰਹੇ ਹਨ। ਇਹਨਾਂ ਨੇ ਆਪਣੇ ਸਿਰ ਵਿਚ ਮਿੱਟੀ ਹੀ ਪਾਈ ਹੈ। ਸੋਢੀਆਂ ਦੀ ਉੱਚੀ ਕੁੱਲ ਵਿਚ ਜਨਮ ਲੈ ਕੇ ਵੀ ਇਹਨਾਂ ਨੇ ਅਜਿਹੇ ਕੰਮ ਕਰਦੇ ਹੋਏ ਰੱਤੀ ਭਰ ਵੀ ਸ਼ਰਮ ਨਾ ਕੀਤੀ। ਤੁਹਾਨੂੰ ਇਹਨਾਂ ਦਾ ਰੁਤਬਾ ਅਤੇ ਪਰਿਵਾਰਿਕ ਸੰਬੰਧ ਵੇਖ ਕੇ ਯੋਗ ਕਾਰਜ ਹੀ ਦੇਣਾ ਚਾਹੀਦਾ ਹੈ।’ ਇਹ ਸੁਣ ਕੇ ਸ੍ਰੀ ਗੁਰੂ ਅਮਰਦਾਸ ਜੀ ਨੇ ਜਦੋਂ ਭਾਈ ਜੇਠਾ ਜੀ ਦੇ ਮੁਸਕਰਾਹਟ ਭਰੇ ਸ਼ਾਂਤ ਚਿਹਰੇ ਵੱਲ ਵੇਖਿਆ ਤਾਂ ਉਹਨਾਂ ਨੇ ਸਾਰਿਆਂ ਨੂੰ ਸੰਬੋਧਨ ਹੋ ਕੇ ਕਿਹਾ- ‘ਮੇਰੇ ਪ੍ਰੇਮ ਦੀ ਨਦੀ ਇਹਨਾਂ ਦੇ ਮਨ ਵਿਚ ਵਹਿ ਰਹੀ ਹੈ। ਪ੍ਰੇਮ ਰੂਪ ਜਲ ਦੀ ਧਾਰਾ ’ਤੇ ਤਿਣਕਿਆਂ ਵਰਗੀ ਲੌਕਿਕ ਰੀਤੀ ਕਿੱਥੇ ਟਿਕ ਸਕਦੀ ਹੈ ਭਾਵ ਇਹ ਸੇਵਾ ਦੇ ਰੰਗ ਵਿਚ ਰੰਗੇ ਜਾਣ ਤੋਂ ਬਾਅਦ ਜਾਤ-ਪਾਤ ਅਤੇ ਕੁੱਲ ਦੇ ਮਾਣ ਤੋਂ ਉੱਪਰ ਉੱਠ ਗਏ ਹਨ। ਮਿੱਟੀ ਤੁਹਾਡੇ ਸਿਰਾਂ ’ਤੇ ਪਈ ਹੋਈ ਹੈ ਜੋ ਤੁਸੀਂ ਪ੍ਰੇਮ ਧਾਰਨ ਨਹੀਂ ਕੀਤਾ। ਇਹ ਇਹਨਾਂ ਦੇ ਸਿਰ ’ਤੇ ਮਿੱਟੀ-ਗਾਰੇ ਦਾ ਟੋਕਰਾ ਨਹੀਂ ਸਗੋਂ ਮੈਂ ਇਹਨਾਂ ਨੂੰ ਸਾਰੇ ਜਗਤ ਦਾ ਛਤਰ ਪ੍ਰਦਾਨ ਕੀਤਾ ਹੈ।’ ਭਾਈ ਜੇਠਾ ਜੀ ਦੀ ਸੇਵਾ-ਘਾਲਣਾ ਅਤੇ ਨਿਮਰਤਾ ਤੋਂ ਖੁਸ਼ ਹੋ ਕੇ, ਅਨੇਕਾਂ ਕਠਿਨ ਪ੍ਰੀਖਿਆਵਾਂ ਲੈਣ ਤੋਂ ਬਾਅਦ ਸ੍ਰੀ ਗੁਰੂ ਅਮਰਦਾਸ ਜੀ ਨੇ ਉਹਨਾਂ ਨੂੰ

ਗੁਰਿਆਈ ਦੀ ਬਖਸ਼ਿਸ਼ ਕੀਤੀ। ਇਸ ਇਲਾਹੀ ਬਖਸ਼ਿਸ਼ ਤੋਂ ਬਾਅਦ ਭਾਈ ਜੇਠਾ ਜੀ ਸਿੱਖ ਧਰਮ ਦੇ ਚੌਥੇ ਪਾਤਸ਼ਾਹ, ਸ੍ਰੀ ਗੁਰੂ ਰਾਮਦਾਸ ਜੀ ਵਜੋਂ ਜਗਤ ਵਿਚ ਸਥਾਪਿਤ ਹੋਏ।





ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥
ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥
ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ ॥੪॥੫॥੧੧॥੪੯॥

-ਸ੍ਰੀ ਗੁਰੂ ਗ੍ਰੰਥ ਸਾਹਿਬ - ਅੰਗ ੧੬੭

***

## ਬਾਈ ਮੰਜੀ ਗੱਦੀ ਬਖਸ਼ੀ, ਕਰਾਮਾਤ ਪੁਰ ਕਰਿ ਕੇ।

ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਸਿੱਖੀ ਦਾ ਪ੍ਰਸਾਰ ਦੂਰ-ਦੁਰਾਡੇ ਇਲਾਕਿਆਂ ਤੱਕ ਹੋ ਚੁੱਕਿਆ ਸੀ। ਇਹਨਾਂ ਇਲਾਕਿਆਂ ਵਿਚ ਸਿੱਖੀ ਦਾ ਪ੍ਰਚਾਰ ਵਿਵਸਥਿਤ ਢੰਗ ਨਾਲ ਬਣਾਈ ਰੱਖਣ ਲਈ ਗੁਰੂ ਸਾਹਿਬ ਨੇ ਆਪਣੇ ਸ਼ਰਧਾਲੂ ਸਿੱਖਾਂ ਵਿੱਚੋਂ 22 ਉੱਤਮ ਪ੍ਰਚਾਰਕ ਚੁਣ ਕੇ ਇਹਨਾਂ ਨੂੰ ਵੱਖ-ਵੱਖ ਇਲਾਕਿਆਂ ਵਿਚ ਸਿੱਖੀ ਦੇ ਪ੍ਰਚਾਰ ਲਈ ਨਿਯੁਕਤ ਕੀਤਾ। ਇਹਨਾਂ ਪ੍ਰਚਾਰਕਾਂ ਨੂੰ ਗੁਰੂ ਸਾਹਿਬ ਨੇ ਮੰਜੀਆਂ (ਉਪਦੇਸ਼ਕ ਗੱਦੀਆਂ) ਦੀ ਬਖਸ਼ਿਸ਼ ਕੀਤੀ ਅਤੇ ਸਿੱਖੀ ਦੇ ਇਹ ਪ੍ਰਚਾਰਕ 'ਮੰਜੀਦਾਰ' ਅਖਵਾਏ। ਮੰਜੀਆਂ ਦੇ ਇਹ ਮੰਜੀਦਾਰ; ਸਿੱਖੀ ਸਿਦਕ, ਸੇਵਾ, ਸਿਮਰਨ, ਭਗਤੀ ਭਾਵ ਅਤੇ ਸਿੱਖੀ ਆਚਰਨ ਵਿਚ ਰੰਗੇ ਹੋਏ ਪਰਪੱਕ ਗੁਰਸਿੱਖ ਸਨ ਜੋ ਲੋਕਾਈ 'ਤੇ ਆਪਣੇ ਸਿੱਖੀ ਜੀਵਨ ਦੀ ਗਹਿਰੀ ਛਾਪ ਛੱਡਦੇ ਹੋਏ, ਗੁਰ ਉਪਦੇਸ਼ ਰਾਹੀਂ ਉਹਨਾਂ ਨੂੰ ਸਿੱਖੀ ਦੇ ਮਾਰਗ ਨਾਲ ਜੋੜਦੇ ਸਨ। ਇਹ ਮੰਜੀਦਾਰ ਇਲਾਕੇ ਦੀਆਂ ਸੰਗਤਾਂ ਨੂੰ ਸਿੱਖੀ ਨਾਲ ਜੋੜਨ ਦੇ ਨਾਲ-ਨਾਲ ਸੰਗਤਾਂ ਦਾ ਗੁਰੂ ਸਾਹਿਬ ਨਾਲ ਤਾਲਮੇਲ ਬਣਾਈ ਰੱਖਣ ਦਾ ਕਾਰਜ ਵੀ ਕਰਦੇ ਸਨ ਕਿਉਂਕਿ ਦੂਰ ਦੁਰਾਡੇ ਦੀਆਂ ਸੰਗਤਾਂ ਸਾਲ ਵਿਚ ਇਕ ਜਾਂ ਦੋ ਵਾਰ ਹੀ ਗੁਰੂ ਜੀ ਦੇ ਦਰਸ਼ਨ ਕਰ ਸਕਦੀਆਂ ਸਨ। ਮੰਜੀ ਸੰਸਥਾ ਦੇ ਵਿਵਸਥਿਤ ਪ੍ਰਬੰਧ ਅਤੇ ਮੰਜੀਦਾਰਾਂ ਦੇ ਉੱਚ ਆਚਰਨ ਨੇ ਸਿੱਖੀ ਦੇ ਵਿਕਾਸ ਵਿਚ ਅਹਿਮ ਯੋਗਦਾਨ ਪਾਇਆ ਜਿਸ ਨੂੰ ਸ੍ਰੀ ਗੁਰੂ ਅਮਰਦਾਸ ਜੀ ਦੀ ਦੂਰ ਦ੍ਰਿਸ਼ਟੀ ਵਾਲਾ ਮਹੱਤਵਪੂਰਨ ਕਾਰਜ ਕਿਹਾ ਜਾ ਸਕਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿਚ 22 ਮੰਜੀਆਂ ਦੀ ਸੂਚੀ ਇਸ ਪ੍ਰਕਾਰ ਦਿੱਤੀ ਹੈ-

1. ਭਾਈ ਅੱਲਾ ਯਾਰ ਜੀ 2. ਭਾਈ ਸੱਚਨ ਸੱਚ ਜੀ 3. ਭਾਈ ਸਾਧਾਰਨ ਜੀ 4. ਭਾਈ ਸਾਵਣ ਮੱਲ ਜੀ 5. ਭਾਈ ਸੁੱਖਣ ਜੀ 6. ਭਾਈ ਹੰਦਾਲ ਜੀ 7. ਭਾਈ ਕੇਦਾਰੀ ਜੀ 8. ਭਾਈ ਖੇਡਾ ਜੀ 9. ਭਾਈ ਗੰਗੂ ਸ਼ਾਹ ਜੀ 10. ਭਾਈ ਦਰਬਾਰੀ ਜੀ 11. ਭਾਈ ਪਾਰੋ ਜੀ 12. ਭਾਈ ਫੇਰਾ ਜੀ 13. ਭਾਈ ਬੂਆ ਜੀ 14. ਭਾਈ ਬੇਣੀ ਜੀ 15. ਭਾਈ ਮਹੇਸ਼ਾ ਜੀ 16. ਭਾਈ ਮਾਈ ਦਾਸ ਜੀ 17. ਭਾਈ ਮਾਣਕ ਚੰਦ ਜੀ 18. ਭਾਈ ਮੁਰਾਰੀ ਜੀ 19. ਭਾਈ ਰਾਜਾ ਰਾਮ ਜੀ 20. ਭਾਈ ਰੰਗ ਸ਼ਾਹ ਜੀ 21. ਭਾਈ ਰੰਗ ਦਾਸ ਜੀ 22. ਭਾਈ ਲਾਲੋ ਜੀ

***



ਸ੍ਰੀ ਗੁਰੂ ਅਮਰਦਾਸ ਜੀ ਦੀ ਹਜ਼ੂਰੀ ਵਿਚ ਬਿਰਾਜਮਾਨ ੨੨ ਮੰਜੀਦਾਰਾਂ ਦਾ ਇਕ ਚਿੱਤਰ



ਗੁਰਦੁਆਰਾ ਚੌਬਾਰਾ ਸਾਹਿਬ, ਗੋਇੰਦਵਾਲ ਵਿਖੇ ਪਿੱਤਲ ਦੀ ਤਖ਼ਤੀ, ਜਿਸ ਵਿਚ ਮੰਜੀ ਅਤੇ ਪੀੜ੍ਹੀ ਮੁਖੀਆਂ ਦੀ ਹਾਜ਼ਰੀ ਵਿਚ ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਿਆਈ ਸੰਭਾਲਣ ਦਾ ਦ੍ਰਿਸ਼ ਦਰਸਾਇਆ ਗਿਆ ਹੈ। (ਸਰੋਤ- ਵਿਕੀਪੀਡੀਆ)


## ਅੰਤੇ ਸਤਿਗੁਰੁ ਬੋਲਿਆ ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ ॥

ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਵਾਂਗ, ਸ੍ਰੀ ਗੁਰੂ ਅਮਰਦਾਸ ਜੀ ਨੇ ਵੀ ਆਪਣੇ ਅੰਤਿਮ ਸਮੇਂ ਤੋਂ ਪਹਿਲਾਂ ਗੁਰਿਆਈ ਦੀ ਜ਼ਿੰਮੇਵਾਰੀ ਲਈ ਸਿੱਖਾਂ ਅਤੇ ਪੁੱਤਰਾਂ ਦੀ ਪਰਖ ਕੀਤੀ। ਇਸ ਪਰਖ ਵਿੱਚੋਂ ਭਾਈ ਜੇਠਾ ਜੀ ਨੂੰ ਯੋਗ ਸਮਝ ਕੇ ਗੁਰਗੱਦੀ ਦੀ ਬਖਸ਼ਿਸ਼ ਕੀਤੀ। ਉਹਨਾਂ ਨੇ ਪੰਜ ਪੈਸੇ ਅਤੇ ਨਾਰੀਅਲ ਰੱਖ ਕੇ ਭਾਈ ਜੇਠਾ ਜੀ ਨੂੰ ਮੱਥਾ ਟੇਕਿਆ ਜੋ ਸ੍ਰੀ ਗੁਰੂ ਰਾਮਦਾਸ ਜੀ ਦੇ ਰੂਪ ਵਿਚ ਸਿੱਖ ਪੰਥ ਅੰਦਰ ਮਕਬੂਲ ਹੋਏ। ਆਪਣੇ ਅੰਤਿਮ ਸਮੇਂ ਤੋਂ ਪਹਿਲਾਂ ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਸਿੱਖ ਸੰਗਤ ਨੂੰ ਕੀਤੇ ਗਏ ਉਪਦੇਸ਼ ਸਿੱਖ ਪੰਥ ਕੋਲ ਸਦੀਵ ਕਾਲ ਲਈ ਸੁਰੱਖਿਅਤ ਹਨ। ਇਹ ਉਪਦੇਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ 'ਰਾਮਕਲੀ ਸਦੁ' ਵਿਚ ਦਰਜ ਹਨ ਜਿਸ ਦੀ ਰਚਨਾ ਭਾਈ ਸੁੰਦਰ ਜੀ ਦੁਆਰਾ ਕੀਤੀ ਗਈ ਹੈ। ਇਹ ਉਪਦੇਸ਼ ਜਿੱਥੇ ਸ੍ਰੀ ਗੁਰੂ ਅਮਰਦਾਸ ਜੀ ਦੇ ਅੰਤਿਮ ਸਮੇਂ ਤੋਂ ਪਹਿਲਾਂ ਦੇ ਇਤਿਹਾਸਕ ਪਲਾਂ ਨੂੰ ਸਾਡੇ ਸਾਹਮਣੇ ਰੂਪਮਾਨ ਕਰਦੇ ਹੋਏ ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਸ੍ਰੀ ਗੁਰੂ ਰਾਮਦਾਸ ਜੀ ਨੂੰ ਗੁਰਗੱਦੀ ਪ੍ਰਦਾਨ ਕਰਨ ਦੀ ਇਤਿਹਾਸਕ ਗਵਾਹੀ ਪੇਸ਼ ਕਰਦੇ ਹਨ, ਉੱਥੇ ਇਹ ਇਕ ਸਿੱਖ ਲਈ ਗੁਰਮਤਿ ਅਨੁਸਾਰ ਅੰਤਿਮ ਰਸਮਾਂ ਨਿਭਾਏ ਜਾਣ ਦਾ ਇਕ ਦਰਪਣ ਵੀ ਹਨ। ਸ੍ਰੀ ਗੁਰੂ ਅਮਰਦਾਸ ਜੀ ਨੇ ਸਿੱਖ ਸੰਗਤ ਸਮੇਤ ਆਪਣੇ ਪਰਿਵਾਰ ਅਤੇ ਸਾਕ-ਸੰਬੰਧੀਆਂ ਨੂੰ ਪਰਮਾਤਮਾ ਦੇ ਭਾਣੇ ਅਤੇ ਆਪਣੀਆਂ ਅੰਤਿਮ ਰਸਮਾਂ ਸੰਬੰਧੀ ਸੰਬੋਧਨ ਹੁੰਦੇ ਹੋਏ ਕਿਹਾ- 'ਅਕਾਲ ਪੁਰਖ ਦਾ ਹੁਕਮ ਆ ਗਿਆ ਹੈ ਅਤੇ ਉਹਨਾਂ ਦੇ ਭਾਣੇ ਵਿਚ ਮੈਂ ਉਹਨਾਂ ਦੇ ਪਾਸ ਜਾ ਰਿਹਾ ਹਾਂ। ਅਜਿਹਾ ਨਾ ਹੋਵੇ ਕਿ ਮੇਰੇ ਜਾਣ ਪਿੱਛੋਂ ਕੋਈ ਮੇਰੇ ਲਈ ਰੋਵੇ ਕਿਉਂਕਿ ਰੋਣ ਵਾਲਾ ਮੈਨੂੰ ਬਿਲਕੁਲ ਚੰਗਾ ਨਹੀਂ ਲੱਗਦਾ। ਤੁਸੀਂ ਵਿਚਾਰ ਕੇ ਵੇਖ ਲਵੋ ਕਿ ਅਕਾਲ ਪੁਰਖ ਮੈਨੂੰ ਆਦਰ ਦੇ ਰਿਹਾ ਹੈ। ਜਿਸ ਮਨੁੱਖ ਨੂੰ ਆਪਣੇ ਮਿੱਤਰ ਦੀ ਵਡਿਆਈ ਚੰਗੀ ਲੱਗਦੀ ਹੈ, ਉਹ ਉਸ ਮਿੱਤਰ ਨੂੰ ਆਦਰ ਮਿਲਣ ਤੇ ਖੁਸ਼ ਹੁੰਦਾ ਹੈ ਨਾ ਕਿ ਰੋਂਦਾ ਹੈ। ਮੇਰੇ ਪਿੱਛੋਂ ਨਿਰੋਲ ਕੀਰਤਨ ਕਰਨਾ ਅਤੇ ਅਕਾਲ ਪੁਰਖ ਦੀ ਕਥਾ ਵਾਰਤਾ ਕਰਨੀ। ਪਿੰਡ, ਪੱਤਲ ਕਿਰਿਆ, ਦੀਵਾ, ਫੁੱਲ- ਇਹ ਸਭ ਨਹੀਂ ਕਰਨਾ। ਇਹਨਾਂ ਸਭ ਦੀ ਥਾਂ ਸੰਗਤ ਵਿਚ ਜੁੜ ਕੇ ਪਰਮਾਤਮਾ ਦੀ ਸਿਫਤ ਸਲਾਹ ਕਰਨੀ।'

ਇਸ ਤੋਂ ਬਾਅਦ ਸ੍ਰੀ ਗੁਰੂ ਅਮਰਦਾਸ ਜੀ ਆਪਣੇ ਪੰਜ ਭੂਤਕ ਸਰੀਰ ਦਾ ਤਿਆਗ ਕਰਕੇ 1574 ਈ. (ਭਾਦੋਂ ਸੁਦੀ ੧੫, ਸੰਮਤ ੧੬੩੧) ਨੂੰ 'ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ' ਅਨੁਸਾਰ ਉਸ ਪਰਮ ਜੋਤ ਵਿਚ ਵਿਲੀਨ ਹੋ ਗਏ। ਸ੍ਰੀ ਗੁਰੂ ਅਮਰਦਾਸ ਜੀ ਦੇ ਪਾਵਨ ਸਰੀਰ ਨੂੰ ਸ੍ਰੀ ਗੁਰੂ ਰਾਮਦਾਸ ਜੀ, ਬਾਬਾ ਮੋਹਰੀ ਜੀ, ਬਾਬਾ ਬੁੱਢਾ ਜੀ ਅਤੇ ਭਾਈ ਬਲੂ ਜੀ ਅਰਥੀ ਵਿਚ ਸਜਾਉਣ ਤੋਂ ਬਾਅਦ ਆਪਣੇ ਮੋਢਿਆਂ 'ਤੇ ਚੁੱਕ ਕੇ ਚਿਖਾ ਵਾਲੀ ਥਾਂ 'ਤੇ ਲੈ ਕੇ ਆਏ। ਬਿਆਸ ਦਰਿਆ ਦੇ ਕਿਨਾਰੇ ਤਿਆਰ ਕੀਤੀ ਗਈ ਚੰਦਨ ਦੀ ਚਿਖਾ ਉਪਰ ਸ੍ਰੀ ਗੁਰੂ ਅਮਰਦਾਸ ਜੀ ਦੇ ਪਵਿੱਤਰ ਸਰੀਰ ਦਾ ਅੰਤਿਮ ਸੰਸਕਾਰ ਕੀਤਾ ਗਿਆ।

ਸ੍ਰੀ ਗੁਰੂ ਅਮਰਦਾਸ ਜੀ ਬੇਸ਼ੱਕ ਸਰੀਰਕ ਰੂਪ ਵਿਚ ਸਾਡੇ ਵਿਚ ਮੌਜੂਦ ਨਹੀਂ ਹਨ ਪ੍ਰੰਤੂ ਉਹਨਾਂ ਦੇ ਉਪਦੇਸ਼ ਅਤੇ ਉਹਨਾਂ ਦੀ ਪਾਵਨ ਜੋਤਿ, ਗੁਰਬਾਣੀ ਦੇ ਰੂਪ ਵਿਚ ਸਦੀਵ ਕਾਲ ਲਈ ਵਿਦਮਾਨ ਹੈ। ਉਹ ਹਮੇਸ਼ਾ ਹੀ ਗੁਰਸਿੱਖਾਂ ਦੇ ਅੰਗ ਸੰਗ ਹਨ-

ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ।। ਸਿਮਰਿ ਸਿਮਰਿ ਤਿਸੁ ਸਦਾ ਸਮ੍ਹਾਲੇ।।


ਰਾਮਕਲੀ ਸਦੁ ੧ੴ ਸਤਿਗੁਰਪ੍ਰਸਾਦਿ
ਜਗਿਦਾਤਾਸੋਇਭਗਤਿਵਛਲੁਤਿਹੁਲੋਇਜੀਉ॥ਗੁਰਸਬਦਿਸਮਾਵਏਅ
ਵਰੁਨਜਾਣੈਕੋਇਜੀਉ॥ਅਵਰੋਨਜਾਣਹਿਸਬਦਿਗੁਰਕੈਏਕੁਨਾਮੁਧਿਆਵਹੇ
ਪਰਸਾਦਿਨਾਨਕਗੁਰੂਅੰਗਦਪਰਮਪਦਵੀਪਾਵਹੇ॥ਆਇਆਹਕਾਰਾਚਲ
ਣਵਾਰਾਹਰਿਰਾਮਨਾਮਿਸਮਾਇਆ॥ਜਗਿਅਮਰੁਅਟਲੁਅਤੋਲੁਠਾਕੁਰੁਭਗਤਿ
ਤੇਹਰਿਪਾਇਆ॥੧॥ਹਰਿਭਾਣਾਗੁਰਭਾਇਆਗੁਰੁਜਾਵੈਹਰਿਪ੍ਰਭਪਾਸਿਜੀਉ
॥ਸਤਿਗੁਰੁਕਰੇਹਰਿਪਹਿਬੇਨਤੀਮੇਰੀਪੈਜਰਖਹੁਅਰਦਾਸਿਜੀਉ॥ਪੈਜਰਾਖਹੁ
ਹਰਿਜਨਹਕੇਰੀਹਰਿਦੇਹੁਨਾਮੁਨਿਰੰਜਨੋ॥ਅੰਤਿਚਲਦਿਆਹੋਇਬੇਲੀਜਮਦੂ
ਤਕਾਲੁਨਿਖੰਜਨੋ॥ਸਤਿਗੁਰੂਕੀਬੇਨਤੀਪਾਈਹਰਿਪ੍ਰਭਿਸੁਣੀਅਰਦਾਸਿਜੀਉ



ਅੰਤੇ ਸਤਿਗੁਰੁ ਬੋਲਿਆ ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ ॥
ਕੇਸੋ ਗੋਪਾਲ ਪੰਡਿਤ ਸਦਿਅਹੁ ਹਰਿ ਹਰਿ ਕਥਾ ਪੜਹਿ ਪੁਰਾਣੁ ਜੀਉ ॥
ਹਰਿ ਕਥਾ ਪੜੀਐ ਹਰਿ ਨਾਮੁ ਸੁਣੀਐ ਬੇਬਾਣੁ ਹਰਿ ਰੰਗੁ ਗੁਰ ਭਾਵਏ ॥
ਪਿੰਡੁ ਪਤਲਿ ਕਿਰਿਆ ਦੀਵਾ ਫੁਲ ਹਰਿ ਸਰਿ ਪਾਵਏ ॥
ਹਰਿ ਭਾਇਆ ਸਤਿਗੁਰੁ ਬੋਲਿਆ ਹਰਿ ਮਿਲਿਆ ਪੁਰਖੁ ਸੁਜਾਣੁ ਜੀਉ ॥
ਰਾਮਦਾਸ ਸੋਢੀ ਤਿਲਕੁ ਦੀਆ ਗੁਰ ਸਬਦੁ ਸਚੁ ਨੀਸਾਣੁ ਜੀਉ ॥੫॥

-ਰਾਮਕਲੀ ਸਦੁ, ਸ੍ਰੀ ਗੁਰੂ ਗ੍ਰੰਥ ਸਾਹਿਬ - ਅੰਗ ੯੨੩-੨੪



ਸ੍ਰੀ ਗੁਰੂ ਅਮਰਦਾਸ ਜੀ ਦੇ ੪੫੦ ਸਾਲਾ ਜੋਤੀ-ਜੋਤਿ ਦਿਵਸ 'ਤੇ ਰਹਿਮਤਾਂ ਦੇ ਦਾਤੇ ਗੁਰੂ ਪਾਤਸ਼ਾਹ ਜੀ ਨੂੰ ਕੋਟਾਨਿ ਕੋਟਿ ਪ੍ਰਣਾਮ। ਗੁਰੂ ਸਾਹਿਬ ਦੇ ਚਰਨਾਂ ਵਿਚ ਅਰਦਾਸ ਜੋਦੜੀ ਹੈ ਕਿ ਉਹ ਸਮੁੱਚੀ ਮਾਨਵਤਾ ਨੂੰ ਆਪਸੀ ਪ੍ਰੇਮ, ਭਾਈਚਾਰੇ ਅਤੇ ਸਹਿਣਸ਼ੀਲਤਾ ਦੀ ਬਖਸ਼ਿਸ਼ ਕਰਨ। ਸਮੁੱਚਾ ਸੰਸਾਰ ਪਰਮਾਤਮਾ ਦੀ ਯਾਦ ਨਾਲ ਜੁੜ ਕੇ ਉਸ ਅਕਾਲ ਪੁਰਖ ਦੀ ਇਲਾਹੀ ਬਖਸ਼ਿਸ਼ ਦਾ ਪਾਤਰ ਬਣੇ-

ਜਗਤ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥
ਜਿਤੁ ਦੁਆਰੈ ਉਬਰੈ ਤਿਤੈ ਲੇਹੁ ਉਬਾਰਿ॥

ਨਾਨਕ ਨਾਮ ਚੜ੍ਹਦੀ ਕਲਾ
ਤੇਰੇ ਭਾਣੇ ਸਰਬੱਤ ਦਾ ਭਲਾ।

***

# ਸਹਾਇਕ ਪੁਸਤਕ ਸੂਚੀ/ ਸ੍ਰੋਤ ਗ੍ਰੰਥਾਵਲੀ


- ਸਤਿਬੀਰ ਸਿੰਘ (ਪ੍ਰਿੰ.), **ਪਰਬਤੁ ਮੇਰਾਣੁ,** ਨਿਊ ਬੁੱਕ ਕੰਪਨੀ, ਜਲੰਧਰ, 2007.
- ਸਰੂਪ ਦਾਸ ਭੱਲਾ, **ਮਹਿਮਾ ਪ੍ਰਕਾਸ਼,** ਭਾਗ ਦੂਜਾ, ਗੋਬਿੰਦ ਸਿੰਘ ਲਾਂਬਾ ਅਤੇ ਖਜ਼ਾਨ ਸਿੰਘ (ਸੰਪਾ.), ਭਾਸ਼ਾ ਵਿਭਾਗ, ਪੰਜਾਬ, 1971.
- **ਸਿੱਖ ਰਹਿਤ ਮਰਯਾਦਾ,** ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2022.
- ਸੰਤੋਖ ਸਿੰਘ (ਭਾਈ), **ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,** ਜਿਲਦ ਪੰਜਵੀਂ, ਵੀਰ ਸਿੰਘ, ਭਾਈ (ਸੰਪਾ.), ਭਾਸ਼ਾ ਵਿਭਾਗ, ਪੰਜਾਬ, 1992.
- **ਸੰਥਾ ਸੈਂਚੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,** ਭਾਗ ਪਹਿਲਾ ਅਤੇ ਦੂਜਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2019.
- ਕਾਨ੍ਹ ਸਿੰਘ ਨਾਭਾ (ਭਾਈ), **ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,** ਭਾਸ਼ਾ ਵਿਭਾਗ, ਪੰਜਾਬ, 2010.
- ਗਿਆਨ ਸਿੰਘ (ਗਿਆਨੀ), **ਪੰਥ ਪ੍ਰਕਾਸ਼,** ਭਾਸ਼ਾ ਵਿਭਾਗ, ਪੰਜਾਬ, 1987.
- ਤੇਜਾ ਸਿੰਘ (ਪ੍ਰਿੰ.) ਅਤੇ ਗੰਡਾ ਸਿੰਘ (ਡਾ.), **ਸਿੱਖ ਇਤਿਹਾਸ** (1469-1765), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013.
- **ਭਾਈ ਕੇਸਰ ਸਿੰਘ ਛਿੱਬਰ ਕ੍ਰਿਤ ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ,** ਪਿਆਰਾ ਸਿੰਘ ਪਦਮ (ਸੰਪਾ.), ਸਿੰਘ ਬ੍ਰਦਰਜ਼, ਅੰਮ੍ਰਿਤਸਰ, 2005.
- ਰਤਨ ਸਿੰਘ ਜੱਗੀ (ਡਾ.), **ਸਿੱਖ ਪੰਥ ਵਿਸ਼ਵਕੋਸ਼** (ਸੋਧਿਆ ਅਤੇ ਵਧਾਇਆ ਹੋਇਆ ਸੰਸਕਰਣ), ਭਾਗ ਪਹਿਲਾ ਤੋਂ ਭਾਗ ਚੌਥਾ, ਗ੍ਰੇਸੀਅਸ ਬੁੱਕਸ, ਪਟਿਆਲਾ, 2016.
- ਰਤਨ ਸਿੰਘ ਭੰਗੂ, **ਸ੍ਰੀ ਗੁਰ ਪੰਥ ਪ੍ਰਕਾਸ਼,** ਬਲਵੰਤ ਸਿੰਘ ਢਿਲੋਂ (ਸੰਪਾ.), ਸਿੰਘ ਬ੍ਰਦਰਜ਼, ਅੰਮ੍ਰਿਤਸਰ, 2004.


***

# ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਅਹੁਦੇਦਾਰ ਅਤੇ ਅੰਤ੍ਰਿੰਗ ਮੈਂਬਰ ਸਾਹਿਬਾਨ



ਜਥੇਦਾਰ ਭੁਪਿੰਦਰ ਸਿੰਘ ਅਸੰਧ
ਪ੍ਰਧਾਨ,
ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ



ਸੁਦਰਸ਼ਨ ਸਿੰਘ ਸਹਿਗਲ
ਸੀਨੀਅਰ ਮੀਤ ਪ੍ਰਧਾਨ,
ਹਰਿ. ਸਿੱਖ ਗੁਰਦੁਆਰਾ ਮੈਨੇ. ਕਮੇਟੀ



ਬੀਬੀ ਰਵਿੰਦਰ ਕੌਰ ਅਜਰਾਣਾ
ਜੂਨੀਅਰ ਮੀਤ ਪ੍ਰਧਾਨ,
ਹਰਿ. ਸਿੱਖ ਗੁਰਦੁਆਰਾ ਮੈਨੇ. ਕਮੇਟੀ



ਜਥੇਦਾਰ ਬਲਜੀਤ ਸਿੰਘ ਦਾਦੂਵਾਲ
ਚੇਅਰਮੈਨ, ਧਰਮ ਪ੍ਰਚਾਰ,
ਹਰਿ. ਸਿੱਖ ਗਰਦਆਰਾ ਮੈਨੇ. ਕਮੇਟੀ




ਸੁਖਵਿੰਦਰ ਸਿੰਘ ਮੰਡੇਬਰ
ਜਨਰਲ ਸਕੱਤਰ,
ਹਰਿ. ਸਿੱਖ ਗੁਰਦੁਆਰਾ ਮੈਨੇ. ਕਮੇਟੀ



ਗੁਲਾਬ ਸਿੰਘ ਮੂਨਕ
ਸੰਯੁਕਤ ਸਕੱਤਰ,
ਹਰਿ. ਸਿੱਖ ਗੁਰਦੁਆਰਾ ਮੈਨੇ. ਕਮੇਟੀ



ਤਰਵਿੰਦਰਪਾਲ ਸਿੰਘ
ਅੰਤ੍ਰਿੰਗ ਮੈਂਬਰ,
ਹਰਿ. ਸਿੱਖ ਗਰਦਆਰਾ ਮੈਨੇ. ਕਮੇਟੀ



ਪਰਮਜੀਤ ਸਿੰਘ ਮੱਕੜ
ਅੰਤ੍ਰਿੰਗ ਮੈਂਬਰ,
ਹਰਿ. ਸਿੱਖ ਗੁਰਦੁਆਰਾ ਮੈਨੇ. ਕਮੇਟੀ



ਬੀਬੀ ਪਰਮਿੰਦਰ ਕੌਰ
ਅੰਤ੍ਰਿੰਗ ਮੈਂਬਰ,
ਹਰਿ. ਸਿੱਖ ਗੁਰਦੁਆਰਾ ਮੈਨੇ. ਕਮੇਟੀ



ਜਥੇਦਾਰ ਜਗਸੀਰ ਸਿੰਘ ਮਾਂਗੇਆਣਾ
ਅੰਤ੍ਰਿੰਗ ਮੈਂਬਰ,
ਹਰਿ. ਸਿੱਖ ਗੁਰਦੁਆਰਾ ਮੈਨੇ. ਕਮੇਟੀ



ਗੁਰਪ੍ਰਸ਼ਾਦ ਸਿੰਘ
ਅੰਤ੍ਰਿੰਗ ਮੈਂਬਰ,
ਹਰਿ. ਸਿੱਖ ਗੁਰਦੁਆਰਾ ਮੈਨੇ. ਕਮੇਟੀ

ਘਨਹਰ ਬੂੰਦ ਬਸੁਅ ਰੋਮਾਵਲਿ ਕੁਸਮ ਬਸੰਤ ਗਨੰਤ ਨ ਆਵੈ ॥

ਰਵਿ ਸਸਿ ਕਿਰਣਿ ਉਦਰੁ ਸਾਗਰ ਕੋ ਗੰਗ ਤਰੰਗ ਅੰਤੁ ਕੋ ਪਾਵੈ ॥

ਰੁਦ੍ਰ ਧਿਆਨ ਗਿਆਨ ਸਤਿਗੁਰ ਕੇ ਕਬਿ ਜਨ ਭਲੵ ਉਨਹ ਜੁੋ ਗਾਵੈ ॥

ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ ॥੧॥੨੨॥

ISBN: 978-93-86039-39-2

₹160/-